ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ
VOL-12 ISSUE 2319 | 20 December, 2025 Saturday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

# ਅਮਰੀਕਾ ਦਾ ਸੀਰੀਆ ਵਿੱਚ ਆਈਐਸਆਈਐਸ ਵਿਰੁੱਧ ਹਵਾਈ ਹਮਲਾ: 12 ਤੋਂ ਵੱਧ ਟਿਕਾਣੇ ਤਬਾਹ



ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਨੇ ਸ਼ੁੱਕਰਵਾਰ ਨੂੰ ਸੀਰੀਆ ਵਿੱਚ ਆਈਐਸਆਈਐਸ ਨਾਲ ਜੁੜੇ ਕਈ ਟਿਕਾਣਿਆਂ 'ਤੇ ਹਵਾਈ ਹਮਲੇ ਕੀਤੇ। ਅਮਰੀਕੀ ਅਧਿਕਾਰੀਆਂ ਨੇ ਸੀਐਨਐਨ ਨੂੰ ਦੱਸਿਆ ਕਿ ਇਹ ਕਾਰਵਾਈ ਹਾਲ ਹੀ ਵਿੱਚ ਹੋਏ ਹਮਲੇ ਦੇ ਜਵਾਬ ਵਿੱਚ ਕੀਤੀ ਗਈ ਸੀ ਜਿਸ ਵਿੱਚ ਸੀਰੀਆ ਵਿੱਚ ਤਾਇਨਾਤ ਦੋ ਅਮਰੀਕੀ ਸੈਨਿਕ ਮਾਰੇ ਗਏ ਸਨ।

ਇਸ ਫੌਜੀ ਕਾਰਵਾਈ ਨੂੰ "ਆਪ੍ਰੇਸ਼ਨ ਹਾਕਆਈ" ਨਾਮ ਦਿੱਤਾ ਗਿਆ ਹੈ, ਇਸ ਲਈ ਇਹ ਨਾਮ ਇਸ ਲਈ ਰੱਖਿਆ ਗਿਆ ਹੈ ਕਿਉਂਕਿ ਮਾਰੇ ਗਏ ਦੋਵੇਂ ਸੈਨਿਕ ਅਮਰੀਕੀ ਰਾਜ ਆਇਓਵਾ ਤੋਂ ਸਨ, ਜਿਸਨੂੰ "ਹਾਕਆਈ ਸਟੇਟ" ਵਜੋਂ ਜਾਣਿਆ ਜਾਂਦਾ ਹੈ।

ਅਧਿਕਾਰੀਆਂ ਦੇ ਅਨੁਸਾਰ, ਇਸ ਕਾਰਵਾਈ 'ਚ ਸੀਰੀਆ ਦੇ ਵੱਖ-ਵੱਖ ਖੇਤਰਾਂ ਵਿੱਚ 12 ਤੋਂ ਵੱਧ ਆਈਐਸਆਈਐਸ ਨਾਲ ਜੁੜੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਨ੍ਹਾਂ ਵਿੱਚ ਅੱਤਵਾਦੀ ਟਿਕਾਣੇ, ਹਥਿਆਰਾਂ ਦੇ ਡਿਪੂ ਅਤੇ ਹੋਰ ਸਥਾਨ ਸ਼ਾਮਲ ਸਨ।

ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੇਥ ਨੇ ਇਨ੍ਹਾਂ ਹਮਲਿਆਂ ਨੂੰ ਬਦਲਾ ਲੈਣ ਦੀ ਕਾਰਵਾਈ ਦੱਸਿਆ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਇਹ ਕਿਸੇ ਨਵੀਂ ਜੰਗ ਦੀ ਸ਼ੁਰੂਆਤ ਨਹੀਂ ਹੈ, ਸਗੋਂ ਉਨ੍ਹਾਂ ਲੋਕਾਂ ਦਾ ਜਵਾਬ ਹੈ ਜਿਨ੍ਹਾਂ ਨੇ ਅਮਰੀਕੀ ਸੈਨਿਕਾਂ ਨੂੰ ਮਾਰਿਆ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਹੇਠ, ਅਮਰੀਕਾ ਆਪਣੇ ਲੋਕਾਂ ਦਾ ਬਚਾਅ ਕਰਨ ਤੋਂ ਕਦੇ ਵੀ ਪਿੱਛੇ ਨਹੀਂ ਹਟੇਗਾ।

ਇਹ ਪੂਰੀ ਘਟਨਾ 13 ਦਸੰਬਰ ਨੂੰ ਸ਼ੁਰੂ ਹੋਈ ਸੀ, ਜਦੋਂ ਸੀਰੀਆ ਵਿੱਚ ਇੱਕ ਹਮਲੇ ਵਿੱਚ ਦੋ ਅਮਰੀਕੀ ਸੈਨਿਕ ਅਤੇ ਉਨ੍ਹਾਂ ਨਾਲ ਕੰਮ ਕਰਨ ਵਾਲਾ ਇੱਕ ਸਥਾਨਕ ਅਨੁਵਾਦਕ ਮਾਰਿਆ ਗਿਆ ਸੀ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

LAMBA VIDEO
★ Weddings ★ Birthdays ★ Photo Shoots
HD Quality
Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Mann & Associates Insurance Services, Inc.
Medicare Supplement Plans
Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Inderjeet Singh Mann
CA Lic# 0H82488
Anthem
Certified Insurance Agent
Ph.: (916) 900-2000

Space availabe for Ad
Contact #
+1 (209) 303-1260

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com | www.thepalfilms.com

JRP REALTY GROUP
A TRADITION OF REAL ESTATE EXCELLENCE

SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries
Gas Stations, Apartments, Commercial Buildings, Liquor stores and Land

CALL TODAY TO BUY/SELL YOUR REAL ESTATE/ BUSINESS




Jaswant S.Pannu
Office: 209-900-1994
Cell: 408-340-0157
jaswantpannu@yahoo.com

Raman Singh
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



LOVEPREET KAUR
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

LENDINGASSETS
Elevating Your Mortgage Experience

Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

Refinance @2.75% APR or lower



Apply online at www.lendingassets.com and check out the live lowest rates on our website


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

www.sanjhisoch.com

**PATTRON**: HARJIT BASI

**MANAGEMENT**



**PRESIDENT & CHIEF EDITOR**
**BOOTA SINGH BASI**

**SUB EDITOR (CHICAGO, IL OFFICE)**
**LOVJYOT VIRDI**

**GENERAL MANAGER**
**RAVINDER SINGH DHILLON**

**RESIDENT EDITOR (INDIA)**
**DR. RAJINDER RIKHI**

**DISCLAIMER**

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

**SANJHI SOCH**

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਦੀ 30ਵੀਂ ਵਰ੍ਹੇਗੰਢ ਨੂੰ ਸਮਰਪਿਤ

# 'ਜੋ ਰਾਖ ਹੋ ਗਏ...ਪੰਜਾਬ ਵਿੱਚ ਬਗ਼ਾਵਤ ਅਤੇ ਮਨੁੱਖੀ ਅਧਿਕਾਰ'

ਹਜ਼ਾਰਾਂ ਸਿੱਖ ਨੌਜਵਾਨਾ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਮਗਰੋਂ, ਉਹਨਾਂ ਦੀਆਂ ਲਾਸ਼ਾਂ ਨੂੰ ਲਾਵਾਰਸ ਕਹਿ ਕੇ ਸਮੂਹਿਕ ਤੌਰ ਤੇ ਖਪਾ ਦੇਣ ਦੇ ਸੱਚ ਨੂੰ ਸੰਸਾਰ ਦੇ ਮੰਚ 'ਤੇ ਲਿਆਉਣ ਵਾਲੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਇਹ ਦੀ 30ਵੀਂ ਵਰ੍ਹੇਗੰਢ ਹੈ।

ਇਸ ਮੌਕੇ 'ਤੇ 21 ਦਸੰਬਰ, ਦਿਨ ਐਤਵਾਰ ਨੂੰ ਗਰੈਂਡ ਅੰਪਾਇਰ ਬੈਂਕੁਟ ਹਾਲ ਸਰੀ ਵਿਖੇ ਸੈਮੀਨਾਰ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਨਾਲ-ਨਾਲ ਬੀਸੀ ਦੀਆਂ ਸਿੱਖ ਸੰਸਥਾਵਾਂ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਵਿਰਾਸਤ, ਯਾਦ ਅਤੇ ਮਨੁੱਖੀ ਅਧਿਕਾਰਾਂ ਦੇ ਸੰਘਰਸ਼ ਤੋਂ ਲੈ ਕੇ ਮੌਜੂਦਾ ਸਮੇਂ ਤੱਕ, ਦਰਪੇਸ਼ ਚੁਣੌਤੀਆਂ ਬਾਰੇ ਵਿਚਾਰ ਕਰ ਰਹੀਆਂ ਹਨ। ਇਸ ਮੌਕੇ 'ਤੇ ਵਿਸ਼ੇਸ਼ ਕਰਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਸ਼ਾਮਲ ਹੋ ਰਹੇ ਹਨ, ਜਿਨਾਂ ਨੂੰ ਪੰਥਕ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਸ਼ਹੀਦ ਖਾਲੜਾ ਦੀ ਯਾਦ ਵਿੱਚ 6 ਸਤੰਬਰ 2025 ਨੂੰ ਸ਼ਹੀਦ ਭਾਈ ਹਰਦੀਪ ਸਿੰਘ ਨਿੱਜਰ ਹਾਲ, ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਵਿਖੇ ਹੋਏ ਵੱਡੇ ਪੰਥਕ ਇਕੱਠ ਵਿਚ ਸ਼ਹੀਦ ਖਾਲੜਾ ਦੇ ਛੋਟੇ ਭਾਈ ਭਾਈ ਅਮਰਜੀਤ ਸਿੰਘ ਖਾਲੜਾ ਅਤੇ ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਨੇ ਸੈਮੀਨਾਰ ਕੀਤਾ ਸੀ ਅਤੇ ਕੈਨੇਡਾ ਭਰ ਵਿੱਚ ਵੱਖ-ਵੱਖ ਸ਼ਹਿਰਾਂ ਵਿੱਚ ਅਜਿਹੇ ਹੋਰ ਪ੍ਰੋਗਰਾਮ ਉਲੀਕੇ ਸਨ।

ਇਸ ਦੌਰਾਨ ਹੀ ਕੈਨੇਡਾ ਦੀ ਸੰਸਦ ਵਿਚ, ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ 30ਵੇਂ ਸ਼ਹੀਦੀ ਵਰ੍ਹੇ 'ਤੇ 18 ਨਵੰਬਰ 2025 ਨੂੰ ਲਿਬਰਲ ਐਮਪੀ ਸੁਖਮਿੰਦਰ ਸਿੰਘ (ਸੁੱਖ) ਧਾਲੀਵਾਲ ਨੇ, ਭਾਈ ਖਾਲੜਾ ਨੂੰ ਸ਼ਹੀਦ ਕੀਤੇ ਜਾਣ ਦੀ ਦਾਸਤਾਨ ਸਾਂਝੀ ਕੀਤੀ, ਜਿਸ 'ਤੇ ਸਮੁੱਚੀ ਸੰਸਦ ਨੇ ਖੜੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ। ਬੀ.ਸੀ. ਵਿਧਾਨ ਸਭਾ ਵੱਲੋਂ 6 ਸਤੰਬਰ ਦੇ ਦਿਹਾੜੇ ਨੂੰ 'ਸ਼ਹੀਦ ਜਸਵੰਤ ਸਿੰਘ ਖਾਲੜਾ ਦਿਵਸ' ਐਲਾਨਿਆ ਗਿਆ ਹੈ। ਇਸ ਤੋਂ ਇਲਾਵਾ ਕੈਨੇਡਾ ਦੀ ਨਿਊ ਡੈਮੋਕਰੇਟਿਕ ਪਾਰਟੀ ਦੇ ਸਾਬਕਾ ਮੁਖੀ ਸ. ਜਗਮੀਤ ਸਿੰਘ ਨੇ ਸ਼ਹੀਦ ਖਾਲੜਾ ਅਤੇ ਲਵਾਰਿਸ ਲਾਸ਼ਾਂ ਦਾ ਮੁੱਦਾ, ਕਈ ਵਾਰ ਕੈਨੇਡੀਅਨ ਪਾਰਲੀਮੈਂਟ ਵਿਚ ਉਠਾਇਆ ਹੈ। ਕੈਨੇਡਾ ਦੇ ਕਈ ਹੋਰਨਾਂ ਸੂਬਿਆਂ ਤੇ ਬਹੁਤ ਸਾਰੇ ਦੇਸ਼ਾਂ ਵਿਚ ਵੀ ਸ਼ਹੀਦ ਖਾਲੜਾ ਦੇ 30ਵੇਂ ਸ਼ਹੀਦੀ ਦਿਹਾੜੇ ਨੂੰ 'ਮਨੁੱਖੀ ਅਧਿਕਾਰ ਦਿਵਸ' ਵਜੋਂ ਚੇਤੇ ਕੀਤਾ ਗਿਆ ਹੈ। ਅਜਿਹੇ ਮੌਕੇ 'ਤੇ 'ਜੋ ਰਾਖ ਹੋ ਗਏ ...ਪੰਜਾਬ ਵਿੱਚ ਬਗ਼ਾਵਤ ਅਤੇ ਮਨੁੱਖੀ ਅਧਿਕਾਰ' (ਏਦੁਚਏਦ ਟੋ ਅਸਹੲਸ ਦਾ ਗੁਰਮੁਖੀ ਵਿੱਚ ਲਿਪੀ ਅੰਤਰ) ਪਾਠਕ ਜਗਤ ਤੱਕ ਪਹੁੰਚਣਾ, ਭਾਈ ਖਾਲੜਾ ਦੇ ਮਹਾਨ ਕਾਰਜਾਂ ਨੂੰ ਸੀਸ ਝੁਕਾਉਣ ਦਾ, ਸਤਿਕਾਰਤ ਉਪਰਾਲਾ ਹੈ।

ਮਨੁੱਖੀ ਹੱਕਾਂ ਦੇ ਚੈਂਪੀਅਨ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ 30ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ 'ਜੋ ਰਾਖ ਹੋ ਗਏ...' ਛੇਤੀ ਹੀ ਪਾਠਕਾਂ ਦੇ ਹੱਥਾਂ ਚ ਹੋਏਗੀ। ਇਸ ਦਾ ਪ੍ਰਭਾਵਸ਼ਾਲੀ ਸਰਵਰਕ ਪੰਜਾਬੀ ਅਤੇ ਅੰਗਰੇਜ਼ੀ ਦੇ ਰੂਪਾਂ ਨੂੰ ਬਾਖੂਬ ਪੇਸ਼ ਕਰਦਾ ਹੈ। ਇਹ ਕਿਤਾਬ, ਸਰਬੱਤ ਦੇ ਭਲੇ ਦਾ ਹੋਕਾ ਦੇਣ ਵਾਲੀ ਗੁਰੂਆਂ ਦੀ ਧਰਤੀ 'ਤੇ, 20ਵੀਂ ਸਦੀ ਦੇ ਆਖਰੀ ਦੋ ਦਹਾਕਿਆਂ 'ਚ, ਇੰਡੀਅਨ ਸਟੇਟ ਦੇ ਸਿੱਖਾਂ 'ਤੇ ਕਹਿਰ ਨੂੰ, ਤੱਥਾਂ ਰਾਹੀਂ ਬਿਆਨ ਕਰਨ ਦਾ ਦਲੇਰਾਨਾ ਅਤੇ ਅਣਖੀਲਾ ਕਦਮ ਹੈ। ਸ਼ਹੀਦ ਭਾਈ ਖਾਲੜਾ ਦੀਆਂ ਗਵਾਹੀਆਂ ਸਮੇਤ, ਪੀੜਤ ਵਰਗ ਦੇ ਅਣ-ਸੁਣੇ ਦਰਦ ਨੂੰ, ਸ਼ਬਦਾਂ ਦਾ ਜਾਮਾ ਪਹਿਨਾਉਣ ਵਾਲੇ ਲਿਖਾਰੀ ਰਾਮ ਨਰਾਇਣ ਕੁਮਾਰ ਅਤੇ ਅਮਰੀਕ ਸਿੰਘ ਮੁਕਤਸਰ, ਅਸ਼ੋਕ ਅਗਰਵਾਲ ਅਤੇ ਜਸਕਰਨ ਕੌਰ ਧੰਨਵਾਦ ਦੇ ਪਾਤਰ ਹਨ। ਕਿਤਾਬ ਦੇ ਪਿਛਲੇ ਪੰਨੇ 'ਤੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਦੇ ਲਿਖੇ ਸ਼ਬਦ ਬੜੇ ਭਾਵਪੂਰਤ ਹਨ, "ਜੋ ਰਾਖ ਹੋ ਗਏ.: ਪੰਜਾਬ ਵਿੱਚ ਬਗਾਵਤ ਅਤੇ ਮਨੁੱਖੀ ਅਧਿਕਾਰ" ਪੰਜਾਬ ਅੰਦਰਲੇ ਅਸੀਂਵਿਆਂ ਅਤੇ 90ਵਿਆਂ ਦੇ ਦਹਾਕੇ ਦੌਰਾਨ ਹੋਏ ਪੁਲਿਸ ਦੇ ਅਣਮਨੁੱਖੀ ਜ਼ੁਲਮ ਅਤੇ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਨੂੰ ਉਜਾਗਰ ਕਰਦਾ ਇੱਕ ਮਹੱਤਵਪੂਰਨ ਦਸਤਾਵੇਜ਼ ਹੈ। ਇਹ ਕਿਤਾਬ ਇਸ ਤੱਥ ਨੂੰ ਪ੍ਰਮਾਣਿਤ ਕਰਦੀ ਹੈ ਕਿ ਜਦੋਂ ਤੱਕ ਇਨਸਾਨੀਅਤ ਦੀ ਆਵਾਜ਼ ਬਚੀ ਰਹੇਗੀ, ਸਰਦਾਰ ਜਸਵੰਤ ਸਿੰਘ ਖਾਲੜਾ ਵਰਗੇ ਲੋਕਾਂ ਦੀ ਕੁਰਬਾਨੀ ਅਜਾਈ ਨਹੀਂ ਜਾਏਗੀ। ਇਹ ਪੁਸਤਕ ਸਿਰਫ਼ ਉਹਨਾਂ ਦੀ ਯਾਦ ਨੂੰ ਹੀ ਨਹੀਂ, ਸਗੋਂ ਉਸ ਸੰਘਰਸ਼ ਨੂੰ ਜਿਉਂਦਾ ਰੱਖਣ ਦੀ ਵੀ ਇਕ ਕੋਸ਼ਿਸ਼ ਹੈ, ਜੋ ਅਣਸੁਣੀਆਂ ਆਵਾਜ਼ਾਂ ਨੂੰ ਤਥਾਂ ਸਹਿਤ ਦੁਨੀਆ ਤੱਕ ਪਹੁੰਚਾਉਂਦੀ ਹੈ। "ਜੋ ਰਾਖ ਹੋ ਗਏ.." ਨਾ ਸਿਰਫ ਸਾਡੇ ਸਮਿਆਂ ਦਾ ਇਤਿਹਾਸ ਹੈ, ਬਲਕਿ ਇਕ ਅਜਿਹੀ ਤਕਰੀਰ ਹੈ, ਜੋ ਇਨਸਾਫ਼ ਅਤੇ ਸੱਚਾਈ ਦੀ ਅਹਿਮੀਅਤ ਨੂੰ ਅੱਜ ਵੀ ਕਾਇਮ ਰੱਖਦੀ ਹੈ।

ਮੂਲ ਰੂਪ 'ਚ ਛਪੀ ੍ਰੲਦੁਚੲਦ ਠੋ ਅਸ਼ੲਸ਼ ਵਡਮੁੱਲੀ ਰਚਨਾ ਦਾ ਪੰਜਾਬੀ 'ਚ ਅਨੁਵਾਦ ਡਾ. ਪਰਮਿੰਦਰ ਸਿੰਘ ਸ਼ੌਕੀ ਨੇ, ਕਰੜੀ ਮਿਹਨਤ ਨਾਲ ਕੀਤਾ ਹੈ ਰੀਥਿੰਕ ਬੁਕਸ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਕਿਤਾਬ ਦੀ ਤਿਆਰੀ ਦੌਰਾਨ ਹੱਡਬੀਤੀ ਬਿਆਨਦਿਆਂ ਡਾ ਪਰਮਿੰਦਰ ਸਿੰਘ ਲਿਖਦੇ ਹਨ, ਮੈਂ "ਪੰਜਾਬ 'ਚ ਜ਼ੁਲਮ" ਤੇ ਕੰਮ ਕਰਦਿਆਂ ਏਨਾ ਤਣਾਅ ਨਹੀਂ ਸਹਿਆ ਸੀ, ਜਿੰਨਾ "ਜੋ ਰਾਖ ਹੋ ਗਏ..." ਵੇਲੇ ਮਹਿਸੂਸ ਹੋਇਆ. ਇਸ ਦਾ ਇੱਕ ਵੱਡਾ ਕਾਰਨ ਇਹ ਵੀ ਸੀ ਕਿ ਇਸ ਵਿੱਚ ਮੇਰੇ ਤੋਂ ਵੀ ਅੱਧੀ ਉਮਰ ਦੇ ਬੱਚੇ ਕਾਨੂੰਨ ਦੁਆਰਾ ਮੌਤ ਦੇ ਘਾਟ ਉਤਾਰ ਦੇਣ ਦੀਆਂ ਦਰਦਨਾਕ ਕਹਾਣੀਆਂ ਦੇ ਪਾਤਰ ਸਨ। ਕਿਸੇ ਸਮੇਂ ਜੋ ਕਾਰਜ ਸ. ਜਸਵੰਤ ਸਿੰਘ ਖਾਲੜਾ ਦੇ ਨਾਲ ਸ਼ੁਰੂ ਹੋਇਆ, ਉਹ ਆਖ਼ਰ ਸੀਸੀਡੀਪੀ ਦੀ ਇਸ ਰਿਪੋਰਟ ਨਾਲ ਲਗਭਗ ਆਪਣਾ ਅੱਧਾ ਸਫ਼ਰ ਕਰ ਗਿਆ ਹੈ। ਇਹ ਕਿਤਾਬ ਨਾ ਸਿਰਫ ਖਾਲੜਾ ਸਾਹਿਬ ਦੀ ਜੀਵਨੀ ਤੋਂ ਤੁਰ ਕੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸਮੂਹਾਂ ਤੇ ਉਨ੍ਹਾਂ ਦੀਆਂ ਲੜਾਈਆਂ ਤੱਕ ਚੱਲਦੀ ਹੈ, ਬਲਕਿ ਪੰਜਾਬ ਦੇ ਖ਼ੂਨੀ ਇਤਿਹਾਸ ਨੂੰ ਵੀ ਬੜੀ ਬਾਰੀਕੀ ਨਾਲ ਆਪਣੇ ਕਲਾਵੇ ਵਿੱਚ ਲੈਂਦੀ ਹੈ। ਇਹ ਕਿਤਾਬ ਇੱਕ ਮਹੱਤਵਪੂਰਨ ਦਸਤਾਵੇਜ਼ੀ ਕਿਤਾਬ ਹੈ, ਜੋ 1984 ਦੀ ਸਿੱਖ ਨਸਲਕੁਸ਼ੀ ਅਤੇ ਉਸ ਤੋਂ ਬਾਅਦ ਭਾਰਤ ਦੇ ਰਾਜਨੀਤਿਕ-ਨਿਆਂ ਪ੍ਰਣਾਲੀ ਦੀ ਨਾਕਾਮੀ ਨੂੰ ਤਿੱਖੇ ਤੌਰ 'ਤੇ ਉਜਾਗਰ ਕਰਦੀ ਹੈ। ਇਹ ਕਿਤਾਬ ੍ਹੁਮੳਨ ੍ਰਗਹਟਸ ਾਂੳਟਚਹ ਅਤੇ ੳਨਸਓਓਡ ਵਰਗੀਆਂ ਸੰਸਥਾਵਾਂ ਦੁਆਰਾ ਤਿਆਰ ਕੀਤੀ ਗਈ ਸੁਚੱਜੀ ਰਿਪੋਰਟ ਹੈ, ਜਿਸ ਵਿੱਚ ਪੀੜਤ ਪਰਿਵਾਰਾਂ ਦੇ ਦਰਦ, ਗਵਾਹੀਆਂ, ਅਤੇ ਉਹ ਅੰਧੇਰੇ ਤੱਥ ਦਰਜ ਹਨ, ਜੋ ਰਾਜ ਨੇ ਦਬਾਉਣ ਦੀ ਕੋਸ਼ਿਸ਼ ਕੀਤੀ। ਕਿਤਾਬ ਇਹ ਦਰਸਾਉਂਦੀ ਹੈ ਕਿ ਕਿਵੇਂ ਹਜ਼ਾਰਾਂ ਬੇਗੁਨਾਹ ਸਿੱਖਾਂ ਨੂੰ ਯੋਜਨਾਬੱਧ ਤਰੀਕੇ ਨਾਲ ਨਿਸ਼ਾਨਾ ਬਣਾਇਆ ਗਿਆ, ਕਿਵੇਂ ਦੋਸ਼ੀ ਆਜ਼ਾਦ ਘੁੰਮਦੇ ਰਹੇ, ਅਤੇ ਕਿਵੇਂ ਨਿਆਂ ਦੇ ਵਾਅਦੇ ਸਿਰਫ਼ ਕਾਗਜ਼ੀ ਹੀ ਰਹਿ ਗਏ। ਇਹ ਸਿਰਫ਼ ਇੱਕ ਰਿਪੋਰਟ ਨਹੀਂ, ਇਹ ਸਿੱਖ ਕੌਮ ਦੇ ਸਾਂਝੇ ਦੁੱਖ, ਰਾਜਕੀ ਹਿੰਸਾ, ਅਤੇ ਇਨਸਾਫ਼ ਲਈ ਚੱਲ ਰਹੀ ਲੜਾਈ ਦਾ ਸੱਚਾ ਰਿਕਾਰਡ ਹੈ—ਇੱਕ ਐਸਾ ਰਿਕਾਰਡ, ਜੋ ਇਹ ਯਕੀਨੀ ਬਣਾਉਂਦਾ ਹੈ ਕਿ ਇਹ ਨਸਲਘਾਤ ਇਤਿਹਾਸ ਦੀ ਧੁੰਦ ਵਿੱਚ ਗਾਇਬ ਨਾ ਹੋ ਜਾਵੇ। ਕਰੀਬ ਇਕ ਹਜ਼ਾਰ ਪੰਨਿਆਂ ਵਿੱਚ ਫੈਲਿਆ ਇਹ ਗ੍ਰੰਥ, ਮਨੁੱਖੀ ਅਧਿਕਾਰਾਂ ਦੇ ਹਵਾਲੇ ਨਾਲ ਸਿੱਖ ਹੋਣੀ ਦੀ ਜੋ ਤਸਵੀਰ ਖਿੱਚਦਾ, ਉਹ ਏਨੀ ਅਹਿਮ ਹੈ ਕਿ ਇਹ ਹਰ ਘਰ ਤੇ ਹਰ ਪਾਠਕ ਦੇ ਕੋਲ ਹੋਣੀ, ਸਾਡੀ ਕੌਮ ਦੇ ਭਵਿੱਖ ਦੀ ਇੱਕ ਅਹਿਮ ਲੋੜ ਹੈ।

ਪੁਲਿਸ ਤੇ ਸਰਕਾਰ ਦੇ ਅੱਤਵਾਦ ਦੀ ਪੁਸ਼ਤਪਨਾਹੀ ਕਰਨ ਵਾਲੇ 'ਰਾਜਸੀ ਸੰਦਾਂ' ਲਈ ਤਾਂ ਬੇਸ਼ੱਕ ਇਹ ਕਿਤਾਬ, ਜਾਬਰਾਂ ਦਾ 'ਮਨੋਬਲ ਤੋੜਨ ਵਾਲੀ' ਹੈ, ਪਰ ਮਨੁੱਖੀ ਅਧਿਕਾਰਾਂ ਲਈ ਤੱਤਪਰ ਲੋਕਾਂ ਲਈ, ਹੌਂਸਲੇ ਬੁਲੰਦ ਕਰਨ ਤੇ ਸਥਾਪਤੀ ਖਿਲਾਫ਼ 'ਆਖਰੀ ਦਮ ਤੱਕ ਜੂਝਣ ਲਈ ਪ੍ਰੇਰਨਾ' ਹੈ। ਗੁਰਮੁਖੀ ਲਿੱਪੀ ਤੇ ਪੰਜਾਬੀ ਜ਼ਬਾਨ 'ਚ 'ਜੋ ਰਾਖ ਹੋ ਗਏ ...' ਸਿਰਨਾਵਾਂ ਜਿੱਥੇ ਡੂੰਘੇ ਭਾਵ-ਅਰਥ ਰੱਖਦਾ ਹੈ, ਉਥੇ ਕਿਤਾਬ ਪਾਠਕਾਂ ਨੂੰ ਜ਼ਜਬੇ ਅਤੇ ਚੇਤਨਾ ਦੇ ਪੱਧਰ 'ਤੇ ਕੀਲ ਕੇ ਰੱਖਦੀ ਹੈ। ਦੁਨੀਆਂ ਦੇ ਸਭ ਤੋਂ ਵੱਡੇ ਲੋਕਰਾਜ ਅਖਵਾਉਣ ਵਾਲੇ ਦੇਸ ਭਾਰਤ ਵਿਚ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰ ਮੁਕਾਉਣਾ ਤੇ ਉਹਨਾਂ ਦੀਆਂ ਲਾਸ਼ਾਂ ਨੂੰ ਲਵਾਰਿਸ ਕਰਾਰ ਦੇ ਕੇ ਸਾੜ ਦੇਣਾ, ਸ਼ੈਤਾਨੀਅਤ ਦਾ ਨੰਗਾ ਨਾਚ ਸੀ। ਨਵੰਬਰ 1984 'ਚ ਸਿੱਖ ਨਸਲਕੁਸ਼ੀ ਦੌਰਾਨ ਭਾਰਤ ਦੇ ਕੋਨੇ-ਕੋਨੇ 'ਚ ਸਿੱਖਾਂ ਨੂੰ ਚੁਣ-ਚੁਣ ਕੇ ਮਾਰਨਾ, ਸਮੂਹਿਕ ਬਲਾਤਕਾਰ ਕੀਤੇ ਜਾਣੇ ਤੇ ਘਰ-ਬਾਰ ਫੂਕ ਦੇਣੇ, 'ਨਾ-ਭੁਲੱਣਯੋਗ ਤੇ ਨਾ-ਮੁਆਫ਼ ਕਰਨ ਯੋਗ' ਅਪਰਾਧ ਹਨ। ਇਸ ਕਿਤਾਬ ਰਾਹੀਂ ਲੇਖਕਾਂ ਨੇ ਅਜਿਹੇ ਅਨੇਕਾਂ ਘਟਨਾਕ੍ਰਮਾਂ, ਤੱਥਾਂ, ਪੀੜਤਾਂ ਦੇ ਬਿਆਨਾਂ, ਅਦਾਲਤੀ, ਕਾਰਵਾਈਆਂ ਅਤੇ ਸਰਕਾਰੀ ਅਤਿਆਚਾਰਾਂ ਨੂੰ ਸਬੂਤਾਂ ਨਾਲ ਪੇਸ਼ ਕੀਤਾ ਹੈ।

'ਸਿੱਖ ਨਸਲਕੁਸ਼ੀ 1984' ਖਿਲਾਫ਼ ਜਾਗਰੂਕਤਾ ਮੁਹਿੰਮ ਵਜੋਂ ਜਿਵੇਂ ਕੈਨੇਡਾ 'ਚ ਸਿੱਖ ਕੌਮ ਵੱਲੋਂ 'ਖ਼ੂਨਦਾਨ ਲਹਿਰ' ਕਾਰਗਰ ਸਿੱਧ ਹੋਈ ਹੈ ਤੇ ਹੁਣ ਤੱਕ 2 ਲੱਖ ਤੋਂ ਵੱਧ ਲੋਕਾਂ ਦੀਆਂ ਜਾਨਾਂ ਬਚਾ ਕੇ, ਕੈਨੇਡਾ ਦੀ ਸਭ ਤੋਂ ਵੱਡੀ ਖ਼ੂਨਦਾਨ ਮੁਹਿੰਮ ਬਣ ਚੁੱਕੀ ਹੈ, ਉਵੇਂ ਹੀ ਇਹ ਕਿਤਾਬ ਸ਼ਾਬਦਿਕ ਪੱਖੋਂ, ਸਰਕਾਰੀ ਕਤਲੇਆਮ ਦਾ ਅਣ-ਕਿਹਾ ਸੱਚ, ਦੁਨੀਆਂ ਦੇ ਮੰਚ 'ਤੇ ਪ੍ਰਮਾਣਾਂ ਸਹਿਤ ਉਜਾਗਰ ਇਤਿਹਾਸਿਕ ਕਦਮ ਹੈ। 'ਜੋ ਰਾਖ ਹੋ ਗਏ...' ਹਜ਼ਾਰਾਂ ਸਿੱਖ ਨੌਜਵਾਨਾਂ ਦੀਆਂ ਲਵਾਰਿਸ ਲਾਸ਼ਾਂ ਦੇ ਅਣ-ਬਿਆਨੇ ਸੱਚ ਦੀ ਦਾਸਤਾਨ ਹੈ। ਇਹ ਕਿਤਾਬ ਹੱਕ, ਸੱਚ ਤੇ ਇਨਸਾਫ ਦੇ ਰਾਹ 'ਤੇ ਚਲਦਿਆਂ, ਆਖ਼ਰੀ ਸਾਹ ਤੱਕ ਚੜ੍ਹਦੀ ਕਲਾ 'ਚ ਰਹਿਣ ਦਾ ਸੰਦੇਸ਼ ਹੈ।

ਪੰਜਾਬੀ ਸਾਹਿਤ ਜਗਤ 'ਚ ਵਿਰਾਸਤ, ਧਰਮ, ਰਾਜਨੀਤੀ, ਇਤਿਹਾਸ, ਸਮਾਜ ਅਤੇ ਕਾਨੂੰਨ ਦੇ ਖੋਜਾਰਥੀਆਂ ਲਈ 'ਜੋ ਰਾਖ ਹੋ ਗਏ...' ਅਨਮੋਲ ਖਜ਼ਾਨਾ ਹੈ। ਪੂਰਾ ਭਰੋਸਾ ਹੈ ਕਿ ਇਹ ਸੱਚੀ ਸਾਖੀ ਦੁਨੀਆਂ ਦੇ ਹਰ ਕੋਨੇ 'ਚ ਵਸੇ ਪੰਜਾਬੀ ਪਾਠਕਾਂ ਦੀਆਂ ਘਰੇਲੂ ਲਾਇਬਰੇਰੀਆਂ ਦਾ ਸ਼ਿੰਗਾਰ ਬਣੇਗੀ। 21 ਦਸੰਬਰ ਨੂੰ ਸਰੀ, ਬੀਸੀ ਵਿੱਚ ਹੋ ਰਹੇ ਸ਼ਹੀਦੀ ਸਮਾਗਮ ਵਿੱਚ ਨਿਸ਼ਚਿਤ ਰੂਪ ਵਿੱਚ, ਇਸ ਕਿਤਾਬ 'ਚੋਂ ਦਸਤਾਵੇਜ਼ੀ ਪੱਖ, ਸ਼ਹੀਦੀ ਘਟਨਾਕ੍ਰਮ ਅਤੇ ਕੌਮੀ ਭਵਿੱਖ ਦੀਆਂ ਚੁਣੌਤੀਆਂ ਬਾਰੇ ਵਿਚਾਰਾਂ ਹੋਣਗੀਆਂ। ਇਸ ਮੌਕੇ 'ਤੇ ਵੱਧ-ਚੜ ਕੇ ਸ਼ਾਮਿਲ ਹੋਣਾ ਬਣਦਾ ਹੈ। ਉਸਤਾਦ ਕਵੀ ਹਰਿਭਜਨ ਸਿੰਘ ਬੈਂਸ ਦੇ ਸ਼ਹੀਦ ਸਿੰਘ ਦੀ ਪਤਨੀ ਬਾਰੇ ਲਿਖੇ ਪ੍ਰਭਾਵਸ਼ਾਲੀ ਬੋਲ "...ਤੇਰੇ ਜਾਣ ਮਗਰੋਂ", ਸ਼ਹੀਦ ਖਾਲੜਾ ਦੇ ਜੀਵਨ ਪ੍ਰਸੰਗ 'ਤੇ ਪੂਰੇ ਢੁੱਕਦੇ




ਹਨ :

"ਕਈ ਚੇਤ ਗੁਜ਼ਰੇ ਤੇ ਸਾਵਣ ਵੀ ਆਏ
ਇਹ ਦਿਲ ਨਹੀਂ ਖਲੋਇਆ ਤੇਰੇ ਜਾਣ ਮਗਰੋਂ।
ਤੂੰ ਆਵੇਂ ਤਾਂ ਨਹਿਰਾਂ, ਚੁਰਾਹਿਆਂ ਨੇ ਦੱਸਣੈ
ਕਿ ਕੀ ਕੀ ਹੈ ਹੋਇਆ ਤੇਰੇ ਜਾਣ ਮਗਰੋਂ।
ਇਹ ਗ਼ਲੀਆਂ ਨੇ ਰੋਈਆਂ, ਇਹ ਕੰਧਾਂ ਵੀ ਰੋਈਆਂ,
ਤੇ ਥੜ੍ਹਿਆਂ ਦੀ ਰੌਣਕ ਨੂੰ ਡੱਸ ਗਈ ਉਦਾਸੀ,
ਇਹ ਦਿਲ ਜੋ ਰਿਹਾ ਏ ਸਦਾ ਗੁਣਗੁਣਾਉਂਦਾ
ਸੁਭਾ ਸ਼ਾਮ ਰੋਇਆ ਤੇਰੇ ਜਾਣ ਮਗਰੋਂ।
ਉਹ ਰੁੱਤਾਂ ਨਾ ਮੁੜੀਆਂ, ਉਹ ਮੌਸਮ ਨਾ ਪਰਤੇ,
ਤੇ ਬਾਗਾਂ 'ਚ ਸੁਣਦੇ ਨੇ ਨਗਮੇ ਉਦਾਸੇ,
ਸੁਰਾਂ ਨੇ ਵੀ ਮੇਰੇ ਨਾ ਪੋਟੇ ਪਛਾਣੇ,
ਜਦੋਂ ਸਾਜ਼ ਛੋਹਿਆ ਤੇਰੇ ਜਾਣ ਮਗਰੋਂ।
ਤੇਰੀ ਪੈੜ ਸੁੰਘਦੇ ਨੇ ਗਦਰੇ ਤੇ ਸਾਵੇ,
ਤੇ ਸੁੱਕਗੇ ਬਰੋਟੇ ਤੇਰੀ ਦੀਦ ਬਾਝੋਂ
ਹੈ ਨੱਚਦੀ ਚੁਫੇਰੇ ਸਦਾ ਮੌਤ ਅੱਜਕੱਲ੍ਹ,
ਹੈ ਜੀਵਨ ਖਲੋਇਆ ਤੇਰੇ ਜਾਣ ਮਗਰੋਂ।
ਇਹ ਅਮਨਾਂ ਦੇ ਰਾਖੇ, ਇਹ ਲੋਕਾਂ ਦੇ ਮੋਢੀ,
ਬੜਾ ਨਾਜ਼ ਕਰਦੇ ਨੇ ਦੇ ਦੇ ਤਸੀਹੇ,
ਹੈ ਚੁਣ ਚੁਣ ਕੇ ਮਾਰੀ ਬੇਦੋਸ਼ੀ ਜਵਾਨੀ,
ਤੇ ਕੰਜਕਾਂ ਨੂੰ ਕੋਹਿਆ ਤੇਰੇ ਜਾਣ ਮਗਰੋਂ।
ਹੈ ਮਾਤਾ ਵਿਚਾਰੀ ਤਾਂ ਮੰਜੀ ਨੂੰ ਲੱਗ ਗਈ,
ਤੇ ਭੈਣਾਂ ਭਰਾਵਾਂ ਨੇ ਲਏ ਨੇ ਹੌਕੇ,
ਮੈਂ ਬਾਪੂ ਵਿਚਾਰੇ ਦਾ ਕੀ ਹਾਲ ਆਖਾਂ,
ਨਾ ਜਿਉਂਦਾ ਨਾ ਮੋਇਆ ਤੇਰੇ ਜਾਣ ਮਗਰੋਂ।
ਖੁਸ਼ੀ ਏ ਤੇਰਾ ਲਾਲ ਤੇਰੇ ਹੀ ਵਾਂਗੂੰ,
ਹੈ ਹੱਕ ਤੇ ਨਿਆਂ ਲਈ ਬੇਚੈਨ ਹੋਇਆ,
ਇਹ ਕੌਮੀ ਅਮਾਨਤ ਤੁਰੀ ਕੌਮ ਖਾਤਰ,
ਮੈਂ ਘਰ ਨਹੀਂ ਲਕੋਇਆ ਤੇਰੇ ਜਾਣ ਮਗਰੋਂ।"




**Information in Public Interest**

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਬਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

# ਪ੍ਰਣਾਮ ਸ਼ਹੀਦਾਂ ਨੂੰ



## ਸਾਂਝੀ ਸੋਚ ਅਦਾਰਾ ਮਾਨਵਤਾ ਭਲਾਈ ਕੰਮਾਂ ਨੂੰ ਸਮਰਪਿਤ ਹੈ

ਅਤੇ ਆਪਣੇ ਕੰਮਾਂ ਕਾਰਾਂ ਦੀ ਪ੍ਰਵਾਹ ਨਾ ਕਰਦੇ ਹੋਏ ਪ੍ਰਮਾਰਥ ਵਿੱਚ ਹਿੱਸਾ ਪਾਉਂਦਿਆਂ ਲਗਾਤਾਰ ਜ਼ਰੂਰਤਮੰਦਾਂ ਦੀ ਮੱਦਦ ਕਰਦਾ ਹੈ । ਇਸ ਸਾਲ ਵੀ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ

**"ਸਾਂਝੀ ਸੋਚ ਅਦਾਰੇ" ਵੱਲੋਂ 24-25 ਦਸੰਬਰ, 2025 ਨੂੰ**

ਠੰਡ ਵਿੱਚ ਠੁਰ ਠੁਰ ਕਰਦੇ ਜ਼ਰੂਰਤਮੰਦਾਂ ਨੂੰ ਗਰਮ ਕੰਬਲ ਵੰਡ ਇਨਸਾਨੀਅਤ ਦਾ ਫਰਜ਼ ਨਿਭਾਇਆ ਜਾਵੇਗਾ ।



ਸਾਹਿਬ-ਏ- ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰ ਕੌਰ ਜੀ, ਨਿੱਕੀਆਂ ਜਿੰਦਾ ਵੱਡੇ ਸਾਕੇ ਕਰਨ ਵਾਲੇ ਛੋਟੇ ਸਾਹਿਬਜ਼ਾਦਿਆਂ ਤੇ ਸਮੂਹ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ



**"ਸਾਂਝੀ ਸੋਚ ਅਦਾਰੇ" ਵੱਲੋਂ 26 ਦਸੰਬਰ, 2025 ਨੂੰ**

## ਗੁਰੂ ਕਾ ਲੰਗਰ

**ਸਮਾਂ : ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ**

ਜੱਸੋਵਾਲ (ਜਸ਼ਨ ਪੈਲਿਸ ਦੇ ਲਾਗੇ) ਭਾਦਸੋਂ ਰੋਡ ਪਟਿਆਲਾ

ਵੱਲੋਂ - 'ਸਾਂਝੀ ਸੋਚ ਟੀਵੀ' ਦੇ CEO ਬੂਟਾ ਸਿੰਘ ਬਾਸੀ ਤੇ ਸਮੂਹ ਟੀਮ

www.sanjhisoch.com Follow us on SANJHI SOCH TV NRI

ਸਾਂਝੀ ਸੋਚ


JK TYRE INC
JK TYRE
TOTAL CONTROL
KTD10-LEAO
Radial Truck Tire (Long Haul)
295/75R22.5
$2600
With Installation
Singh: 510-766-9382
JK JETSTEEL JDH
SPECIAL OFFER !!
DRIVE TIRE
11R22.5-
With Installation
Singh: 510-766-9382
Firestone FS591
SPECIAL OFFER !!
STEER TIRE
295/75R22.5
With Installation
Singh: 510-766-9382
11R22.5
With Installation
Singh: 510-766-9382
Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5
JETWAY JTH 1
SPECIAL OFFER !!
TRAILER TIRE
11R22.5-
11R24.5-
With Installation
Singh: 510-766-9382
JETWAY JTH SD
SPECIAL OFFER !!
TRAILER TIRE
295/75R22.5-
With Installation
Singh: 510-766-9382
JK JETSTEEL JDL2
SPECIAL OFFER !!
DRIVE TIRE
11R22.5-
11R24.5-
295/75R22.5-
With Installation
Singh: 510-766-9382
FALKEN TIRES
GOODYEAR
KELLY TIRES
Feel the difference
BARKLEY
PIRELLI
MICHELIN
A better way forward
BRIDGESTONE
Firestone
YOKOHAMA
PEARLY
NAMA
TOYO TIRES
driven to perform
Continental
DUNLOP TIRES
S. Singh Cell: (510) 766-9382
2955 N. Wilson Way Stockton , CA 95205


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

REALTY
UNPLUGGED

# ਤੁਹਾਡੀਆਂ ਜੜ੍ਹਾਂ
# ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਲਿੀਅਨ** ਲਗਾਏ—ਕਉਿੰਕਿ ਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੰਿਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਲਿੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਿਆਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਰਿਾਇਆ + 7-9% ਵਾਧਾ | ਨਿਯਮਿਤ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਰਿਾਇਆ + 6-8% ਵਾਧਾ | ਸੁਰੱਖਿਅਤ ਨਿਵੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:**
**7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ**

**2020 ਚੰਡੀਗੜ੍ਹ:**
**4 ਸਾਲਾਂ ਵਿੱਚ ਦੁੱਗਣਾ ਵਾਧਾ**

**2022 ਪੁਣੇ:**
**2 ਸਾਲਾਂ ਵਿੱਚ 58% ਵਾਧਾ**

**ਆਪਣੇ ਭਵੱਖਿ ਨੂੰ ਸੁਰੱਖਅਿਤ ਕਰੋ - ਅੱਜ ਹੀ!**
**Call : +91 73038-88722**
**Subhiney Chabra : +91 97802-06080**

Let's Start!

**ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।**
**ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।**


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

### ਹੀਰਾਪੁਰ ਪਿੰਡ ਵਿਖੇ ਸੱਤ-ਰੋਜ਼ਾ ਐਨਐਸਐਸ ਵਿਸ਼ੇਸ਼ ਕੈਂਪ ਦਾ ਚੌਥਾ ਦਿਨ

# ਪੱਤਰਕਾਰ ਦੀ ਬੁਨਿਆਦੀ ਜ਼ਿੰਮੇਵਾਰੀ ਹੈ ਕਿ ਹਰੇਕ ਖ਼ਬਰ ਦੀ ਪੂਰੀ ਘੋਖ ਕਰਕੇ ਹੀ ਉਸਨੂੰ ਪਾਠਕਾਂ ਤੱਕ ਪੁੱਜਦਾ ਕੀਤਾ ਜਾਵੇ- ਡਾ.ਰਾਜਿੰਦਰ ਰਿਖੀ

ਜਲੰਧਰ
ਸਾਂਝੀ ਸੋਚ ਬਿਊਰੋ

ਡੀ.ਏ.ਵੀ ਕਾਲਜ, ਜਲੰਧਰ ਦੀ ਐਨਐਸਐਸ ਯੂਨਿਟ ਵੱਲੋਂ ਹੀਰਾਪੁਰ ਪਿੰਡ ਵਿਖੇ ਆਯੋਜਿਤ ਸੱਤ-ਰੋਜ਼ਾ ਐਨਐਸਐਸ ਵਿਸ਼ੇਸ਼ ਕੈਂਪ ਦੇ ਚੌਥੇ ਦਿਨ ਵਿਦਿਆਰਥੀ ਵਲੰਟੀਅਰਾਂ ਦੀ ਸਰਗਰਮ ਸ਼ਮੂਲੀਅਤ ਦੇਖਣ ਨੂੰ ਮਿਲੀ। ਦਿਨ ਦੀ ਕਾਰਵਾਈ ਕਾਲਜ ਕੈਂਪਸ ਵਿੱਚ ਕੈਂਪ ਦੇ ਤੀਜੇ ਦਿਨ ਕੀਤੀਆਂ ਗਈਆਂ ਗਤੀਵਿਧੀਆਂ ਦੀ ਵਿਸਤ੍ਰਿਤ ਸਮੀਖਿਆ ਨਾਲ ਸ਼ੁਰੂ





ਹੋਈ। ਚਾਰ ਐਨਐਸਐਸ ਸਮੂਹਾਂ ਦੇ ਪ੍ਰਤੀਨਿਧੀਆਂ ਦੁਆਰਾ ਰਿਪੋਰਟਾਂ ਪੇਸ਼ ਕੀਤੀਆਂ ਗਈਆਂ, ਜਿਸ ਵਿੱਚ ਭਗਤ ਸਿੰਘ ਸਮੂਹ ਵੱਲੋਂ ਵਲੰਟੀਅਰ ਪਿਊਸ਼ ਪੇਸ਼ ਹੋਏ, ਇਸ ਤੋਂ ਬਾਅਦ ਰਾਜਗੁਰੂ ਸਮੂਹ ਵੱਲੋਂ ਵਲੰਟੀਅਰ ਰਿਤਿਕ, ਸੁਖਦੇਵ ਸਮੂਹ ਵੱਲੋਂ ਵਲੰਟੀਅਰ ਬਿਕਰਮ ਅਤੇ ਬੇਬੇ ਨਾਨਕੀ ਸਮੂਹ ਵੱਲੋਂ ਵਲੰਟੀਅਰ ਲਾਲੀਮਾ ਸ਼ਾਮਲ ਹੋਏ।

ਇਸ ਤੋਂ ਇਲਾਵਾ ਵਲੰਟੀਅਰ ਭਵਨੀਤ ਸਿੰਘ ਨੇ ਕੈਂਪ ਦੇ ਤੀਜੇ ਦਿਨ ਕੀਤੀਆਂ ਗਈਆਂ ਗਤੀਵਿਧੀਆਂ ਦੀ ਇੱਕ ਵਿਆਪਕ ਰਿਪੋਰਟ ਪੇਸ਼ ਕੀਤੀ।

ਇਸ ਤੋਂ ਬਾਅਦ, ਯੋਜਨਾਬੱਧ ਗਤੀਵਿਧੀਆਂ ਦੇ ਸੁਚਾਰੂ ਤਾਲਮੇਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਚੌਥੇ ਦਿਨ ਲਈ ਲੀਡਰਸ਼ਿਪ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਕੁੰਵਰ ਨੂੰ ਭਗਤ ਸਿੰਘ ਗਰੁੱਪ ਦਾ ਆਗੂ, ਸੁਖਦੇਵ ਗਰੁੱਪ ਦਾ ਵਰੁਣ, ਰਾਜਗੁਰੂ ਗਰੁੱਪ ਦਾ ਸੁਮਿਤ ਅਤੇ ਬੇਬੇ ਨਾਨਕੀ ਗਰੁੱਪ ਦੀ ਸਿਮਰਨਜੀਤ ਕੌਰ ਨੂੰ ਨਾਮਜ਼ਦ ਕੀਤਾ ਗਿਆ, ਜਦੋਂ ਕਿ ਮਨੀਸ਼ਾ ਨੂੰ ਦਿਨ ਲਈ ਓਵਰਆਲ ਲੀਡਰ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।

ਵਲੰਟੀਅਰਾਂ ਨੂੰ ਆਪਣੇ ਸੰਬੋਧਨ ਵਿੱਚ, ਐਨਐਸਐਸ ਇੰਚਾਰਜ ਡਾ. ਸਾਹਿਬ ਸਿੰਘ, ਪ੍ਰੋ. ਸੁਰੂਚੀ ਅਤੇ ਡਾ. ਸੁਮਿਤ ਨੇ ਰਾਸ਼ਟਰੀ ਸੇਵਾ ਯੋਜਨਾ ਦੇ ਟੀਚਿਆਂ ਨੂੰ ਸਾਕਾਰ ਕਰਨ ਵਿੱਚ ਲਗਨ, ਸਹਿਯੋਗ ਅਤੇ ਵਿਹਾਰਕ ਸਿੱਖਿਆ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਵਲੰਟੀਅਰਾਂ ਨੂੰ ਇਮਾਨਦਾਰੀ, ਅਨੁਸ਼ਾਸਨ ਅਤੇ ਇਮਾਨਦਾਰੀ ਨਾਲ ਆਪਣੇ ਫਰਜ਼ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ। ਹੀਰਾਪੁਰ ਪਿੰਡ 'ਚ ਐਨਐਸਐਸ ਵਲੰਟੀਅਰਾਂ ਨੇ ਵੱਖ-ਵੱਖ ਭਾਈਚਾਰਕ ਸੇਵਾ ਪਹਿਲਕਦਮੀਆਂ ਕੀਤੀਆਂ, ਜਿਨ੍ਹਾਂ ਵਿੱਚ ਮਿੱਟੀ ਦਾ ਕੰਮ, ਆਲੇ ਦੁਆਲੇ ਦੇ ਖੇਤਰਾਂ ਦੀ ਸਫਾਈ, ਘਾਹ ਅਤੇ ਝਾੜੀਆਂ ਦੀ ਸਫਾਈ, ਅਤੇ ਪੇਂਟ ਦਾ ਕੰਮ ਸ਼ਾਮਲ ਹੈ, ਜਿਸ ਨਾਲ ਵਾਤਾਵਰਣ ਦੀ ਸਫਾਈ ਅਤੇ ਪਿੰਡ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਜਾ







ਸਕਦਾ ਹੈ। ਇਸ ਤੋਂ ਇਲਾਵਾ ਵਲੰਟੀਅਰਾਂ ਵਿੱਚ ਟੀਮ ਵਰਕ, ਤਾਲਮੇਲ ਅਤੇ ਸਮੁੱਚੀ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਸਰੀਰਕ ਅਤੇ ਮਨੋਰੰਜਨ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ।

ਦੁਪਹਿਰ ਦੇ ਸਮਾਂ ਇੱਕ ਬੌਧਿਕ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਪ੍ਰਸਿੱਧ ਪੱਤਰਕਾਰ ਅਤੇ ਸਾਂਝੀ ਸੋਚ ਅਖ਼ਬਾਰ ਦੇ ਸੰਪਾਦਕ ਡਾ. ਰਾਜਿੰਦਰ ਰਿਖੀ ਨੇ "ਮੌਜੂਦਾ ਯੁੱਗ ਵਿੱਚ ਮੀਡੀਆ ਦੀ ਭੂਮਿਕਾ" ਵਿਸ਼ੇ 'ਤੇ ਇੱਕ ਮਾਹਰ ਭਾਸ਼ਣ ਦਿੱਤਾ। ਉਨ੍ਹਾਂ ਨੇ ਆਪਣੇ ਕਰੀਬ 35 ਸਾਲ ਦੇ ਪੱਤਰਕਾਰੀ ਦੇ ਤਜ਼ੁਰਬੇ ਵਲੰਟੀਅਰਾਂ ਨਾਲ ਸਾਂਝੇ ਕੀਤੇ। ਉਨ੍ਹਾਂ ਵਲੰਟੀਅਰਾਂ ਨੂੰ ਕਿਹਾ ਕਿ ਸੱਚਾਈ ਨੂੰ ਉਜਾਗਰ ਕਰਨਾ ਚੁਣੌਤੀਪੂਰਨ ਹੁੰਦਾ ਜਾ ਰਿਹਾ ਹੈ, ਪਰ ਇਹ ਪੱਤਰਕਾਰ ਦੀ ਬੁਨਿਆਦੀ ਜ਼ਿੰਮੇਵਾਰੀ ਹੈ ਕਿ ਹਰੇਕ ਖ਼ਬਰ ਦੀ ਪੂਰੀ ਘੋਖ ਕਰਕੇ ਹੀ ਉਸਨੂੰ ਪਾਠਕਾਂ ਤੱਕ ਪੁੱਜਦਾ ਕੀਤਾ ਜਾਵੇ। ਉਨ੍ਹਾਂ ਨੇ ਆਲੋਚਨਾਤਮਕ ਤਰੀਕੇ ਨਾਲ ਕਿਹਾ ਕਿ ਸਮਕਾਲੀ ਪੱਤਰਕਾਰੀ ਅਕਸਰ ਖ਼ਬਰਾਂ ਦੀ ਪੂਰੀ ਤਸਦੀਕ ਅਤੇ ਵਿਸ਼ਲੇਸ਼ਣ ਨਾਲੋਂ ਵਿਊਜ਼ ਅਤੇ ਟੈਲੀਵਿਜ਼ਨ ਰੇਟਿੰਗ ਪੁਆਇੰਟਾਂ ਨੂੰ ਤਰਜੀਹ ਦਿੰਦੀ ਹੈ।

ਡਾ. ਰਿਖੀ ਨੇ ਈਡੀਅਟ ਕਲੱਬ ਜੋ ਕਿ ਜਸਪਾਲ ਭੱਟੀ ਦੇ ਨਾਨਸੈਂਸ ਕਲੱਬ ਤੋਂ ਪ੍ਰੇਰਿਤ ਹੈ, ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਉਹਨਾਂ ਕਿਹਾ ਕਿ ਜਦੋਂ ਤੁਸੀਂ ਸੱਚ ਦੇ ਰਾਹ 'ਤੇ ਤੁਰਦੇ ਹੋ ਤਾਂ ਲੋਕ ਤੁਹਾਨੂੰ ਮੂਰਖ ਦਾ ਖਿਤਾਬ ਦਿੰਦੇ ਹਨ। ਇਸ ਲਈ ਅਸੀਂ ਖੁਦ ਹੀ ਆਪਣੇ ਨਾਮ ਨਾਲ ਈਡੀਅਟ (ਮੂਰਖ) ਲਗਾਉਣਾ ਸਹੀ ਸਮਝਿਆ। ਉਨ੍ਹਾਂ ਦੱਸਿਆ ਕਿ ਈਡੀਅਟ ਕਲੱਬ ਸਮਾਜਿਕ ਮਿੱਥਾਂ ਅਤੇ ਅੰਧਵਿਸ਼ਵਾਸਾਂ ਨੂੰ ਦੂਰ ਕਰਨ ਲਈ ਸ਼ਮਸ਼ਾਨਘਾਟ ਵਿੱਚ ਨਵਾਂ ਸਾਲ ਮਨਾਉਂਦਾ ਹੈ।

ਇਸ ਸੈਸ਼ਨ ਵਿੱਚ ਪ੍ਰਸਿੱਧ ਸਮਾਜ ਸੇਵਕ ਕੁਲਵਿੰਦਰ ਸਿੰਘ, ਐਡਵੋਕੇਟ ਕਾਰਤਿਕ ਰਿਖੀ ਅਤੇ ਡਾ. ਰਾਜਕਿਰਪਾਲ ਸਿੰਘ ਵੀ ਮੌਜੂਦ ਸਨ। ਅਕਾਦਮਿਕ ਗੱਲਬਾਤ ਡਾ. ਸਾਹਿਬ ਸਿੰਘ ਦੁਆਰਾ ਪ੍ਰਸਤਾਵਿਤ ਰਸਮੀ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ। ਦਿਨ ਦਾ ਸਮਾਪਨ ਇੱਕ



ਸੱਭਿਆਚਾਰਕ ਸੈਸ਼ਨ ਨਾਲ ਹੋਇਆ ਜਿਸ ਦੌਰਾਨ ਵਲੰਟੀਅਰਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਕੈਂਪ ਦੇ ਆਪਣੇ ਤਜ਼ਰਬਿਆਂ 'ਤੇ ਫੀਡਬੈਕ ਸਾਂਝਾ ਕੀਤਾ।







# ਹਵਾਈ ਅੱਡੇ 'ਤੇ ਉਤਰਦੇ ਸਮੇ ਇੱਕ ਨਿੱਜੀ ਜਹਾਜ਼ ਤਬਾਹ,7 ਮੌਤਾਂ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਉੱਤਰੀ ਕੈਰੋਲੀਨਾ ਵਿੱਚ ਸਟੇਟਸਵਿਲੇ ਖੇਤਰੀ ਹਵਾਈ ਅੱਡੇ 'ਤੇ ਉਤਰਦੇ ਸਮੇ ਇਕ ਨਿੱਜੀ ਜਹਾਜ਼ ਸੈਸਨਾ ਸੀ 550 ਤਬਾਹ ਹੋ ਗਿਆ ਤੇ ਉਸ ਵਿੱਚ ਸਵਾਰ ਪਾਇਲਟ ਸਣੇ ਸਾਰੇ 7 ਲੋਕਾਂ ਦੀ ਮੌਤ ਹੋ ਗਈ। ਇਹ ਹਾਦਸਾ ਸਵੇਰੇ 10.30 ਵਜੇ ਵਾਪਰਿਆ। ਮ੍ਰਿਤਕਾਂ ਵਿੱਚ ਸਾਬਕਾ ਨਾਸਕਾਰ ਡਰਾਈਵਰ ਗਰੇਗ ਬਿਫਲੇ, ਉਸ ਦੀ ਪਤਨੀ ਕ੍ਰਿਸਟੀਨਾ ਤੇ 2 ਬੱਚੇ ਰਾਈਡਰ ਤੇ ਐਮਾ ਸ਼ਾਮਿਲ ਹਨ। ਬਾਕੀ ਮ੍ਰਿਤਕਾਂ ਵਿੱਚ ਡੈਨਿਸ ਡਟਨ , ਉਸ ਦਾ ਪੁੱਤਰ ਜੈਕ ਤੇ ਗਰੇਗ



ਵਾਡਸਵਰਥ ਸ਼ਾਮਿਲ ਹਨ। ਹਾਦਸੇ ਦੀ ਜਾਂਚ ਸੰਘੀ ਹਵਾਬਾਜ਼ੀ ਪ੍ਰਸ਼ਾਸਨ ਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਕਰੇਗਾ।

# ਕੈਲੀਫੋਰਨੀਆ ਵਿੱਚ ਜਬਰਜ਼ਨਾਹ ਦੇ ਮਾਮਲੇ ਵਿੱਚ ਪੰਜਾਬੀ ਗ੍ਰਿਫ਼ਤਾਰ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਬੇਕਰਸਫੀਲਡ ਵਾਸੀ ਸਿਮਰਨਜੀਤ ਸਿੰਘ ਸੇਖੋਂ ਨੂੰ ਇਕ ਰਾਈਡਸ਼ੇਅਰ ਯਾਤਰੀ ਨਾਲ ਜਬਰਜਨਾਹ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਮਾਮਲੇ ਦੀ ਵੈਂਟੂਰਾ ਕਾਊਂਟੀ ਸ਼ੈਰਿਫ ਦਫਤਰ ਜਾਂਚ ਕਰ ਰਿਹਾ ਹੈ। ਦਫਤਰ ਅਨੁਸਾਰ ਰਾਈਡਸ਼ੇਅਰ ਕੰਪਨੀ ਦੇ 35 ਸਾਲਾ ਡਰਾਈਵਰ ਸੇਖੋਂ ਨੇ ਪੀੜਤ 21 ਸਾਲਾ ਔਰਤ ਨੂੰ ਥਾਊਜ਼ੈਂਡ ਓਕਸ ਵਿਚੋਂ ਚੁੱਕਿਆ ਸੀ ਤੇ ਉਸ ਨੇ ਕੈਮਾਰੀਲੋ ਜਾਣਾ ਸੀ। ਜਾਂਚਕਾਰਾਂ ਅਨੁਸਾਰ ਪੀੜਤ ਲੜਕੀ ਨਸ਼ੇ ਵਿੱਚ ਸੀ ਤੇ ਆਪਣੀ ਦੇਖ ਭਾਲ ਕਰਨ ਦੀ ਹਾਲਤ ਵਿੱਚ ਨਹੀਂ ਸੀ। ਸੇਖੋਂ ਉਸ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਕੈਮਾਰੀਲੋ ਦੇ ਆਸ ਪਾਸ ਦੇ ਖੇਤਰ ਵਿੱਚ ਲੈ ਗਿਆ ਤੇ ਉਸ ਨਾਲ ਜਬਰ ਜ਼ਨਾਹ ਕੀਤਾ। ਸ਼ੇਖੋਂ ਵਿਰੁੱਧ ਇਕ ਬੇਸੁੱਧ ਔਰਤ ਨਾਲ ਜਬਰ ਜ਼ਨਾਹ ਕਰਨ ਦੇ ਦੋਸ਼ ਲਾਏ ਗਏ ਹਨ। ਉਸ ਦੀ ਜ਼ਮਾਨਤ ਉਪਰ ਰਿਹਾਈ ਲਈ 5 ਲੱਖ ਡਾਲਰ ਦੀ ਰਕਮ ਤੈਅ ਕੀਤੀ ਗਈ ਹੈ। ਅਧਿਕਾਰੀਆਂ ਦਾ ਵਿਸ਼ਵਾਸ਼ ਹੈ ਕਿ ਜਿਸ ਤਰਾਂ ਦੇ ਹਾਲਾਤ ਨਜਰ ਆ ਰਹੇ ਹਨ, ਉਸ ਤੋਂ ਲੱਗਦਾ ਹੈ ਕਿ ਹੋਰ ਔਰਤਾਂ ਵੀ ਸ਼ੇਖੋਂ ਦਾ ਸ਼ਿਕਾਰ ਬਣੀਆਂ ਹਨ ਜੋ ਅਜੇ ਸਾਹਮਣੇ ਨਹੀਂ ਆਈਆਂ।




ਗੁਰਦੁਆਰਾ ਸਾਹਿਬ ਸੈਨ ਹੋਜ਼ੇ
ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵੱਲੋਂ
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਗੁਰਪੁਰਬ ਦੀਆਂ ਖੁਸ਼ੀਆਂ ਮਨਾਉਂਦੇ ਹੋਏ
ਪ੍ਰਭਾਤ ਫੇਰੀਆਂ ਦਾ ਵਿਸ਼ੇਸ਼ ਪ੍ਰੋਗਰਾਮ ਬੜੇ ਸਤਿਕਾਰ ਅਤੇ ਪਿਆਰ ਨਾਲ ਰੱਖਿਆ ਗਿਆ ਹੈ
ਸਾਰੀ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ
18 ਦਸੰਬਰ ਤੋਂ 27 ਦਸੰਬਰ 2025 ਤੱਕ
ਰੋਜ਼ਾਨਾ ਸਵੇਰੇ 4:30 ਵਜੇ ਤੋਂ 5:30 ਵਜੇ
ਪ੍ਰਭਾਤ ਫੇਰੀਆਂ ਵਿੱਚ ਹਾਜ਼ਰੀ ਲਵਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ
3636 Gurdwara Ave, San Jose, CA 95148, United States
www.sanjosegurdwara.org
(408) 274-9373


Pal Films
Production
All Your Photo/Videography &
Post Production needs Under One Roof
PF
RED PRO 5.0
RED
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਬੰਗਲਾਦੇਸ਼ 'ਚ ਸ਼ੇਖ ਹਸੀਨਾ ਵਿਰੋਧੀ ਨੇਤਾ ਉਸਮਾਨ ਹਾਦੀ ਦੀ ਮੌਤ: ਕਈ ਸ਼ਹਿਰਾਂ ਵਿੱਚ ਭੜਕੀ ਹਿੰਸਾ

ਢਾਕਾ
ਸਾਂਝੀ ਸੋਚ ਬਿਊਰੋ



ਬੰਗਲਾਦੇਸ਼ ਵਿੱਚ ਸ਼ੇਖ ਹਸੀਨਾ ਦੇ ਵਿਰੋਧੀ ਨੇਤਾ ਉਸਮਾਨ ਹਾਦੀ ਦੀ ਵੀਰਵਾਰ ਰਾਤ ਨੂੰ ਮੌਤ ਹੋ ਗਈ। ਉਨ੍ਹਾਂ ਦੀ ਮੌਤ ਤੋਂ ਬਾਅਦ, ਬੰਗਲਾਦੇਸ਼ ਵਿੱਚ ਸਥਿਤੀ ਵਿਗੜ ਗਈ ਹੈ, ਕਈ ਥਾਵਾਂ 'ਤੇ ਹਿੰਸਾ ਫੈਲ ਗਈ ਹੈ। ਪ੍ਰਦਰਸ਼ਨਕਾਰੀਆਂ ਨੇ ਦੇਸ਼ ਦੇ ਸਭ ਤੋਂ ਵੱਡੇ ਅਖਬਾਰਾਂ, ਡੇਲੀ ਸਟਾਰ ਅਤੇ ਪ੍ਰੋਥਮ ਆਲੋ ਦੇ ਦਫਤਰਾਂ ਵਿੱਚ ਜ਼ਬਰਦਸਤੀ ਦਾਖਲ ਹੋ ਕੇ ਭੰਨਤੋੜ ਕੀਤੀ ਅਤੇ ਉਨ੍ਹਾਂ ਨੂੰ ਅੱਗ ਲਗਾ ਦਿੱਤੀ। ਅੱਗ ਲੱਗਣ ਤੋਂ ਬਾਅਦ ਲਗਭਗ 25 ਪੱਤਰਕਾਰ ਅੰਦਰ ਫਸ ਗਏ ਸਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ।

ਹਾਦੀ 2024 ਦੇ ਵਿਦਿਆਰਥੀ ਅੰਦੋਲਨ ਦੇ ਪ੍ਰਮੁੱਖ ਨੇਤਾਵਾਂ ਵਿੱਚੋਂ ਇੱਕ ਸੀ। 12 ਦਸੰਬਰ ਨੂੰ ਢਾਕਾ ਵਿੱਚ ਚੋਣ ਪ੍ਰਚਾਰ ਕਰਦੇ ਸਮੇਂ ਉਨ੍ਹਾਂ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਉਨ੍ਹਾਂ ਨੂੰ ਨੇੜਲੇ ਹਸਪਤਾਲਾਂ ਵਿੱਚ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਸੀ। ਹਮਲੇ ਤੋਂ ਕੁਝ ਘੰਟੇ ਪਹਿਲਾਂ, ਉਸਮਾਨ ਹਾਦੀ ਨੇ ਗ੍ਰੇਟਰ ਬੰਗਲਾਦੇਸ਼ ਦਾ ਇੱਕ ਨਕਸ਼ਾ ਸਾਂਝਾ ਕੀਤਾ, ਜਿਸ ਵਿੱਚ ਭਾਰਤੀ ਖੇਤਰ ਸ਼ਾਮਲ ਸਨ।

# ਸਰਕਾਰੀ ਸਕੂਲਾਂ ਦੇ ਕਲਾਸਰੂਮਾਂ 'ਚ ਲਗਾਏ ਜਾਣਗੇ ਏਅਰ ਪਿਊਰੀਫਾਇਰ



ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਦਿੱਲੀ ਸਰਕਾਰ ਨੇ ਰਾਜਧਾਨੀ ਦੇ ਵਿਦਿਆਰਥੀਆਂ ਦੀ ਸਿਹਤ ਨੂੰ ਧਿਆਨ 'ਚ ਰੱਖਦੇ ਹੋਏ ਇੱਕ ਵੱਡਾ ਐਲਾਨ ਕੀਤਾ ਹੈ। ਉਨ੍ਹਾਂ ਨੂੰ ਸਾਫ਼ ਹਵਾ ਪ੍ਰਦਾਨ ਕਰਨ ਲਈ ਉਹ ਸਰਕਾਰੀ ਸਕੂਲਾਂ ਦੇ ਦਸ ਹਜ਼ਾਰ ਕਲਾਸਰੂਮਾਂ ਵਿੱਚ ਏਅਰ ਪਿਊਰੀਫਾਇਰ ਲਗਾਏਗੀ। ਦਿੱਲੀ ਦੇ ਸਿੱਖਿਆ ਮੰਤਰੀ ਆਸ਼ੀਸ਼ ਸੂਦ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਦਿੱਲੀ ਸਰਕਾਰ ਦੇ ਮੰਤਰੀ ਆਸ਼ੀਸ਼ ਸੂਦ ਨੇ ਪ੍ਰਦੂਸ਼ਣ ਸੰਬੰਧੀ ਇੱਕ ਪ੍ਰੈਸ ਕਾਨਫਰੰਸ ਕੀਤੀ ਸੀ। ਇਸ ਦੌਰਾਨ ਉਨ੍ਹਾਂ ਨੇ ਕਲਾਸਰੂਮਾਂ ਵਿੱਚ ਏਅਰ ਪਿਊਰੀਫਾਇਰ ਲਗਾਉਣ ਦਾ ਐਲਾਨ ਕੀਤਾ ਇਸਦਾ ਉਦੇਸ਼ ਰਾਜਧਾਨੀ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਕਲਾਸਰੂਮਾਂ ਦੇ ਅੰਦਰ ਸਾਫ਼ ਹਵਾ ਪ੍ਰਦਾਨ ਕਰਨਾ ਹੈ।

ਦਿੱਲੀ ਦੇ ਸਿੱਖਿਆ ਮੰਤਰੀ ਆਸ਼ੀਸ਼ ਸੂਦ ਨੇ ਦੱਸਿਆ ਕਿ ਦਿੱਲੀ ਦੇ ਸਰਕਾਰੀ ਸਕੂਲਾਂ ਵਿੱਚ ਲਗਭਗ 38,000 ਕਲਾਸਰੂਮ ਹਨ, ਅਤੇ ਪਹਿਲੇ ਪੜਾਅ ਵਿੱਚ, 10,000 ਕਲਾਸਰੂਮਾਂ ਵਿੱਚ ਏਅਰ ਪਿਊਰੀਫਾਇਰ ਲਗਾਏ ਜਾਣਗੇ। ਇਸ ਤੋਂ ਬਾਅਦ ਇਸ ਯੋਜਨਾ ਦੇ ਲਾਭ ਦਿੱਲੀ ਦੇ ਸਾਰੇ ਸਰਕਾਰੀ ਸਕੂਲਾਂ ਦੇ ਕਲਾਸਰੂਮਾਂ ਤੱਕ ਵਧਾਏ ਜਾਣਗੇ। ਇਸ ਦੌਰਾਨ ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰ ਬੱਚਿਆਂ ਦੀ ਸਿਹਤ ਨਾਲ ਕੋਈ ਸਮਝੌਤਾ ਨਹੀਂ ਕਰੇਗੀ ਅਤੇ ਨਾ ਹੀ ਕਿਸੇ ਨੂੰ ਅਜਿਹਾ ਕਰਨ ਦੇਵੇਗੀ।

# ਡੌਂਕੀ ਰੂਟ ਮਾਮਲੇ ਵਿੱਚ ਦਿੱਲੀ ਤੋਂ ਪੰਜਾਬ ਹਰਿਆਣਾ 'ਚ ਟ੍ਰੈਵਲ ਏਜੰਟਾਂ 'ਤੇ ਛਾਪੇਮਾਰੀ

ਜਲੰਧਰ
ਸਾਂਝੀ ਸੋਚ ਬਿਊਰੋ



ਜਲੰਧਰ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਟੀਮ ਨੇ "ਡੌਂਕੀ ਰੂਟ" ਸਿੰਡੀਕੇਟ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ। 18 ਦਸੰਬਰ ਨੂੰ, ਜਲੰਧਰ ਜ਼ੋਨਲ ਦਫ਼ਤਰ ਦੀ ਟੀਮ ਨੇ ਇੱਕੋ ਸਮੇਂ ਪੰਜਾਬ, ਹਰਿਆਣਾ ਅਤੇ ਦਿੱਲੀ ਵਿੱਚ 13 ਕਾਰੋਬਾਰੀ ਅਤੇ ਰਿਹਾਇਸ਼ੀ ਸਥਾਨਾਂ 'ਤੇ ਛਾਪੇਮਾਰੀ ਕੀਤੀ। ਇਹ ਕਾਰਵਾਈ ਫਰਵਰੀ 2025 ਵਿੱਚ ਅਮਰੀਕਾ ਤੋਂ 330 ਭਾਰਤੀਆਂ ਦੇ ਦੇਸ਼ ਨਿਕਾਲਾ ਨਾਲ ਸਬੰਧਤ ਚੱਲ ਰਹੀ ਮਨੀ ਲਾਂਡਰਿੰਗ ਜਾਂਚ ਦਾ ਹਿੱਸਾ ਹੈ।

ਛਾਪੇਮਾਰੀ ਦੌਰਾਨ, ਈਡੀ ਨੇ ਦਿੱਲੀ ਸਥਿਤ ਇੱਕ ਟ੍ਰੈਵਲ ਏਜੰਟ ਦੇ ਅਹਾਤੇ ਤੋਂ ਵੱਡੀ ਮਾਤਰਾ ਵਿੱਚ ਨਕਦੀ ਅਤੇ ਕੀਮਤੀ ਵਸਤੂਆਂ ਬਰਾਮਦ ਕੀਤੀਆਂ।

4.62 ਕਰੋੜ ਨਕਦ, 313 ਕਿਲੋਗ੍ਰਾਮ ਚਾਂਦੀ ਅਤੇ 6 ਕਿਲੋਗ੍ਰਾਮ ਸੋਨੇ ਦੇ ਬਿਸਕੁਟ ਬਰਾਮਦ ਕੀਤੇ ਗਏ। ਉਨ੍ਹਾਂ ਦੀ ਕੁੱਲ ਅਨੁਮਾਨਿਤ ਕੀਮਤ ਕਰੋੜ ਹੈ। ਮੋਬਾਈਲ ਚੈਟ ਅਤੇ ਡਿਜੀਟਲ ਸਬੂਤ ਵੀ ਬਰਾਮਦ ਕੀਤੇ ਗਏ, ਟਿਕਟਿੰਗ, ਰੂਟਾਂ ਅਤੇ ਪੈਸੇ ਦੇ ਲੈਣ-ਦੇਣ ਸੰਬੰਧੀ ਡੌਂਕੀ ਰੂਟ ਦੇ ਹੋਰ ਮੈਂਬਰਾਂ ਨਾਲ ਗੱਲਬਾਤ ਰਿਕਾਰਡ ਕੀਤੀ ਗਈ। ਹਰਿਆਣਾ ਦੇ ਇੱਕ ਵੱਡੇ ਖਿਡਾਰੀ ਦੇ ਟਿਕਾਣੇ ਤੋਂ ਰਿਕਾਰਡ ਬਰਾਮਦ ਹੋਏ ਹਨ, ਜਿਸ ਵਿੱਚ ਖੁਲਾਸਾ ਹੋਇਆ ਹੈ ਕਿ ਉਹ ਲੋਕਾਂ ਨੂੰ ਮੈਕਸੀਕੋ ਰਾਹੀਂ ਅਮਰੀਕਾ ਭੇਜਣ ਲਈ ਜਾਇਦਾਦ ਜਾਂ ਜ਼ਮੀਨ ਦੇ ਦਸਤਾਵੇਜ਼ ਗਿਰਵੀ ਰੱਖਦਾ ਸੀ। ਹੋਰ ਥਾਵਾਂ ਤੋਂ ਮੋਬਾਈਲ ਫੋਨ, ਦਸਤਾਵੇਜ਼ ਅਤੇ ਹੋਰ ਸ਼ੱਕੀ ਚੀਜ਼ਾਂ ਬਰਾਮਦ ਕੀਤੀਆਂ ਗਈਆਂ ਹਨ, ਜੋ ਪੂਰੇ ਨੈੱਟਵਰਕ ਨੂੰ ਜੋੜਨ ਵਿੱਚ ਮਦਦ ਕਰਨਗੀਆਂ। ਈਡੀ ਹੁਣ ਇਨ੍ਹਾਂ ਸਾਰੇ ਡਿਜੀਟਲ ਡੇਟਾ ਅਤੇ ਦਸਤਾਵੇਜ਼ਾਂ ਦੀ ਫੋਰੈਂਸਿਕ ਜਾਂਚ ਕਰ ਰਹੀ ਹੈ। ਇਹ ਜਾਂਚ ਪੰਜਾਬ ਅਤੇ ਹਰਿਆਣਾ ਪੁਲਿਸ ਦੀਆਂ ਐਫਆਈਆਰਜ਼ 'ਤੇ ਅਧਾਰਤ ਹੈ, ਜਿਸ ਵਿੱਚ ਟ੍ਰੈਵਲ ਏਜੰਟਾਂ, ਵਿਚੋਲਿਆਂ ਅਤੇ ਹਵਾਲਾ ਆਪਰੇਟਰਾਂ ਦਾ ਇੱਕ ਨੈੱਟਵਰਕ ਸ਼ਾਮਲ ਹੈ।

# ਈਡੀ ਵੱਲੋਂ ਯੁਵਰਾਜ, ਰੌਬਿਨ ਉਥੱਪਾ, ਸੋਨੂੰ ਸੂਦ ਸਣੇ ਕਈ ਵੱਡੀ ਹਸਤੀਆਂ ਵਿਰੁੱਧ ਵੱਡੀ ਕਾਰਵਾਈ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਈਡੀ ਨੇ ਸੱਟੇਬਾਜ਼ੀ ਐਪ ਸਕੈਂਡਲ ਦੇ ਸਬੰਧ ਵਿੱਚ ਕਈ ਪ੍ਰਮੁੱਖ ਹਸਤੀਆਂ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਸੱਟੇਬਾਜ਼ੀ ਦੇ ਇੱਕ ਮਾਮਲੇ ਵਿੱਚ ਕ੍ਰਿਕਟਰ ਯੁਵਰਾਜ ਸਿੰਘ, ਰੌਬਿਨ ਉਥੱਪਾ, ਅਦਾਕਾਰ ਸੋਨੂੰ ਸੂਦ, ਨੇਹਾ ਸ਼ਰਮਾ ਅਤੇ ਹੋਰਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਹਨ। ਜਿਨ੍ਹਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਗਈਆਂ ਹਨ, ਉਨ੍ਹਾਂ ਵਿੱਚ ਯੁਵਰਾਜ ਸਿੰਘ, ਰੌਬਿਨ ਉਥੱਪਾ, ਫਿਲਮ ਅਦਾਕਾਰਾ ਉਰਵਸ਼ੀ ਰੌਤੇਲਾ, ਸੋਨੂੰ ਸੂਦ, ਮਿਮੀ ਚੱਕਰਵਰਤੀ, ਅੰਕੁਸ਼ ਹਾਜ਼ਰਾ ਅਤੇ ਨੇਹਾ ਸ਼ਰਮਾ ਸ਼ਾਮਲ ਹਨ। ਮਿਮੀ ਚੱਕਰਵਰਤੀ ਤ੍ਰਿਣਮੂਲ ਕਾਂਗਰਸ ਦੀ ਸਾਬਕਾ ਸੰਸਦ ਮੈਂਬਰ ਹੈ। ਸੂਤਰਾਂ ਅਨੁਸਾਰ, ਯੁਵਰਾਜ ਸਿੰਘ ਦੀ 2.5 ਕਰੋੜ ਰੁਪਏ ਦੀ ਜਾਇਦਾਦ



ਜ਼ਬਤ ਕੀਤੀ ਗਈ ਹੈ। ਇਸ ਤੋਂ ਇਲਾਵਾ ਰੌਬਿਨ ਉਥੱਪਾ 8.26 ਲੱਖ ਰੁਪਏ, ਉਰਵਸ਼ੀ ਰੌਤੇਲਾ 2.02 ਕਰੋੜ ਰੁਪਏ, ਸੋਨੂੰ ਸੂਦ 1 ਕਰੋੜ ਰੁਪਏ, ਮਿਮੀ ਚੱਕਰਵਰਤੀ ਦੀਆਂ 59 ਲੱਖ ਰੁਪਏ, ਅੰਕੁਸ਼ ਹਜ਼ਾਰਾ ਦੀਆਂ 47.20 ਲੱਖ ਰੁਪਏ ਅਤੇ ਨੇਹਾ ਸ਼ਰਮਾ ਦੀਆਂ 1.26 ਕਰੋੜ ਰੁਪਏ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ। ਈਡੀ ਦੀ ਅੱਜ ਦੀ ਕਾਰਵਾਈ ਵਿੱਚ 7.93 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਨੇ 1xBet ਮਾਮਲੇ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਇਹ ਅਸਥਾਈ ਕੁਰਕੀ ਦੀ ਕਾਰਵਾਈ ਕੀਤੀ ਹੈ।




ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

## ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
**ਫੋਨ : (559) 653-8130, 774-243-4154**

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com



## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਸਾਲ 2025 ਦਾ ਲੇਖਾ-ਜੋਖਾ ਖੁਰਾਕ ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕਿਸਾਨ-ਪੱਖੀ ਪਹੁੰਚ ਦੇ ਨਤੀਜੇ ਵਜੋਂ ਅਤੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਨੇ ਸਾਲ 2025-26 ਦੌਰਾਨ ਕਣਕ ਅਤੇ ਝੋਨੇ ਦੇ ਖਰੀਦ ਸੀਜ਼ਨਾਂ ਦੀ ਸਫ਼ਲਤਾ ਨੂੰ ਯਕੀਨੀ ਬਣਾਇਆ। ਦੋਵਾਂ ਸੀਜ਼ਨਾਂ ਵਿੱਚ ਮੰਡੀਆਂ ਵਿੱਚ ਸਾਰੇ ਭਾਈਵਾਲਾਂ ਜਿਵੇਂ ਕਿ ਕਿਸਾਨਾਂ, ਆੜ੍ਹਤੀਆਂ, ਕਾਮਿਆਂ ਲਈ ਢੁਕਵੇਂ ਸਫ਼ਾਈ, ਪਾਣੀ ਅਤੇ ਬਾਰਦਾਨੇ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਸਨ, ਜਿਨ੍ਹਾਂ ਨੇ ਨਿਰਵਿਘਨ ਅਤੇ ਸੁਚਾਰੂ ਖਰੀਦ ਸੀਜ਼ਨਾਂ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ। ਅਪ੍ਰੈਲ-ਮਈ ਦੌਰਾਨ ਕਣਕ ਦੇ ਖਰੀਦ ਸੀਜ਼ਨ ਵਿੱਚ 72 ਘੰਟਿਆਂ ਦੇ ਸਮੇਂ ਵਿੱਚ ਕਿਸਾਨਾਂ ਦੀ 130 ਲੱਖ ਮੀਟਰਿਕ ਟਨ ਤੋਂ ਵੱਧ ਉਪਜ ਦੀ ਖਰੀਦ ਅਤੇ ਚੁਕਾਈ ਕੀਤੀ ਗਈ। ਇਸ ਦੇ ਨਾਲ ਹੀ 27000 ਕਰੋੜ ਰੁਪਏ ਤੋਂ ਵੱਧ ਰਾਸ਼ੀ ਕਿਸਾਨਾਂ ਦੇ ਖਾਤਿਆਂ ਵਿੱਚ ਜਮ੍ਹਾਂ ਕਰਵਾਈ ਗਈ।



ਸੂਬੇ ਵਿੱਚ ਭਿਆਨਕ ਹੜ੍ਹਾਂ ਦੀ ਮਾਰ ਨਾਲ ਪ੍ਰਭਾਵਿਤ ਹੋਣ ਦੇ ਬਾਵਜੂਦ ਝੋਨੇ ਦਾ ਖਰੀਦ ਸੀਜ਼ਨ (ਅਕਤੂਬਰ-ਨਵੰਬਰ) ਵੀ ਸਫ਼ਲ ਰਿਹਾ। ਵਿਭਾਗ ਨੇ ਹੜ੍ਹਾਂ ਕਾਰਨ ਪੈਦਾ ਹੋਈ ਚੁਣੌਤੀ ਦਾ ਸਾਹਮਣਾ ਕੀਤਾ ਅਤੇ 156 ਲੱਖ ਮੀਟਰਕ ਟਨ ਤੋਂ ਵੱਧ ਝੋਨੇ ਦੀ ਖਰੀਦ ਕਰਕੇ ਅਤੇ ਕਿਸਾਨਾਂ ਦੇ ਖਾਤਿਆਂ ਵਿੱਚ 37000 ਕਰੋੜ ਰੁਪਏ ਤੋਂ ਵੱਧ ਦੀ ਅਦਾਇਗੀ ਕਰਕੇ ਝੋਨੇ ਦੇ ਖਰੀਦ ਸੀਜ਼ਨ ਦਾ ਸਫ਼ਲ ਹੋਣਾ ਯਕੀਨੀ ਬਣਾਇਆ। ਇਸ ਸੀਜ਼ਨ ਦੀ ਵਿਸ਼ੇਸ਼ਤਾ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਸੁੱਕਾ ਝੋਨਾ ਮੰਡੀਆਂ ਵਿੱਚ ਲਿਆਓ' ਮੁਹਿੰਮ ਦੀ ਸ਼ਾਨਦਾਰ ਸਫ਼ਲਤਾ ਸੀ ਜਿਸ ਵਿੱਚ ਕਿਸਾਨਾਂ ਨੂੰ ਸੁੱਕੀ ਫ਼ਸਲ ਮੰਡੀਆਂ ਵਿੱਚ ਲਿਆਉਣ ਲਈ ਉਤਸ਼ਾਹਿਤ ਕੀਤਾ ਗਿਆ ਸੀ ਤਾਂ ਜੋ ਉਨ੍ਹਾਂ ਨੂੰ ਆਪਣੀ ਫ਼ਸਲ ਦਾ ਢੁਕਵਾਂ ਮੁੱਲ ਮਿਲ ਸਕੇ। ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨ.ਐਫ.ਐਸ.ਏ) ਅਧੀਨ ਕਣਕ ਦੀ ਸੁਚਾਰੂ ਵੰਡ ਨੂੰ ਯਕੀਨੀ ਬਣਾਉਣ ਅਤੇ ਜਨਤਕ ਵੰਡ ਪ੍ਰਣਾਲੀ ਵਿੱਚ ਪਾਰਦਰਸ਼ਿਤਾ ਅਤੇ ਕੁਸ਼ਲਤਾ ਲਿਆਉਣ ਲਈ ਹਰੇਕ ਰਾਸ਼ਨ ਡਿੱਪੂ 'ਤੇ ਇੱਕ ਸਮਰਪਿਤ ਈ.ਪੀ.ਓ.ਐਸ. ਯੰਤਰ ਅਤੇ ਇਲੈਕਟ੍ਰਾਨਿਕ ਵੇਇੰਗ (ਭਾਰ ਮਾਪਤੋਲ) ਸਕੇਲ (ਈ.ਡਬਲਯੂ.ਐਸ.) ਲਗਾਏ ਗਏ ਹਨ ਅਤੇ ਹਰੇਕ ਇਲੈਕਟ੍ਰਾਨਿਕ ਤੋਲਣ ਵਾਲੀ ਮਸ਼ੀਨ ਨੂੰ ਈ.ਪੀ.ਓ.ਐਸ. ਯੰਤਰ ਨਾਲ ਜੋੜਿਆ ਗਿਆ ਹੈ। ਇਸ ਤੋਂ ਇਲਾਵਾ ਹੁਣ ਤੱਕ ਲਗਭਗ 1.31 ਕਰੋੜ (86.46 ਫ਼ੀਸਦ) ਲਾਭਪਾਤਰੀਆਂ ਨੇ ਆਪਣੀ ਈ.ਕੇ.ਵਾਈ.ਸੀ. ਪ੍ਰਕਿਰਿਆ ਪੂਰੀ ਕਰਵਾ ਲਈ ਹੈ। ਇਸ ਤੋਂ ਇਲਾਵਾ ਵਿਭਾਗ ਦੇ ਲੀਗਲ ਮੈਟਰੋਲੋਜੀ ਵਿੰਗ ਦਾ ਮੁੱਖ ਕੰਮ ਖਪਤਕਾਰਾਂ ਦੇ ਸਹੀ ਵਜ਼ਨ ਅਤੇ ਮਾਪ ਦੇ ਅਧਿਕਾਰਾਂ ਦੀ ਰਾਖੀ ਕਰਨਾ ਅਤੇ ਲੀਗਲ ਮੈਟਰੋਲੋਜੀ ਐਕਟ 2009 ਤਹਿਤ ਬਣਾਏ ਗਏ ਨਿਯਮਾਂ ਦੀ ਉਲੰਘਣਾ ਵਿਰੁੱਧ ਢੁਕਵੀਂ ਕਾਨੂੰਨੀ ਕਾਰਵਾਈ ਕਰਨਾ ਹੈ। ਵਿੱਤੀ ਸਾਲ 2025-26 ਵਰ੍ਹੇ ਦੌਰਾਨ 31 ਅਕਤੂਬਰ, 2025 ਤੱਕ 16.41 ਕਰੋੜ ਰੁਪਏ ਦਾ ਮਾਲੀਆ ਇਕੱਠਾ ਹੋਇਆ ਹੈ।

# ਬਲਵੰਤ ਰਾਜੋਆਣਾ ਨੇ ਜਥੇਦਾਰ ਗੜਗੱਜ ਨੂੰ ਲਿਖੀ ਚਿੱਠੀ

ਪਟਿਆਲਾ
ਸਾਂਝੀ ਸੋਚ ਬਿਊਰੋ



ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਬਲਵੰਤ ਸਿੰਘ ਰਾਜੋਆਣਾ ਨੇ ਜੇਲ੍ਹ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਇੱਕ ਚਿੱਠੀ ਲਿਖੀ ਹੈ। ਉਨ੍ਹਾਂ ਇਸ 'ਚ ਸਿੱਖ ਪੰਥ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਬਾਰੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਜੇਲ੍ਹ ਤੋਂ ਲਿਖੇ ਆਪਣੇ ਪੱਤਰ ਵਿੱਚ ਉਨ੍ਹਾਂ ਕਿਹਾ ਕਿ ਪੰਥ ਦੀ ਆਵਾਜ਼ ਸੰਸਦ ਅਤੇ ਸਰਕਾਰ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਪਹੁੰਚ ਰਹੀ। ਉਨ੍ਹਾਂ ਲਿਖਿਆ ਕਿ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਦਾ ਨਾਮ ਬਦਲ ਕੇ ਵੀਰ ਬਾਲ ਦਿਵਸ ਰੱਖਣ ਲਈ ਕੇਂਦਰ ਸਰਕਾਰ ਦੇ ਸੰਸਦ ਮੈਂਬਰਾਂ ਤੋਂ ਮਦਦ ਮੰਗਣਾ ਪੰਥ ਦੀ ਸ਼ਾਨ ਅਤੇ ਇਤਿਹਾਸਕ ਮਹੱਤਤਾ ਨੂੰ ਠੇਸ ਪਹੁੰਚਾਉਣ ਵਾਲਾ ਕਦਮ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜਿਨ੍ਹਾਂ ਸੰਸਦ ਮੈਂਬਰਾਂ ਤੋਂ ਮਦਦ ਮੰਗੀ ਗਈ ਹੈ, ਉਨ੍ਹਾਂ ਵਿੱਚੋਂ ਕਈ ਕਾਂਗਰਸ ਪਾਰਟੀ ਦੇ ਵੀ ਹਨ, ਕਾਂਗਰਸ ਨੇ ਸਿੱਖਾਂ 'ਤੇ ਅੱਤਿਆਚਾਰ ਕੀਤੇ ਹਨ। ਅਜਿਹੇ ਸੰਸਦ ਮੈਂਬਰਾਂ ਤੋਂ ਮਦਦ ਮੰਗਣਾ ਉਨ੍ਹਾਂ ਸ਼ਹੀਦਾਂ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਅਪਮਾਨ ਹੈ। ਉਨ੍ਹਾਂ ਕਿਹਾ ਕਿ ਕੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਵਾਜ਼ ਇੰਨੀ ਕਮਜ਼ੋਰ ਹੋ ਗਈ ਹੈ ਕਿ ਜਿਹੜੀ ਦੇਸ਼ ਦੀ ਸੰਸਦ ਤੇ ਹੁਕਮਰਾਨਾਂ ਤੱਕ ਨਹੀਂ ਪਹੁੰਚਦੀ? ਦੱਸ ਦਈਏ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬੀਤੀ 8 ਦਸੰਬਰ ਨੂੰ ਸਿੱਖ ਸੰਸਦ ਮੈਂਬਰਾਂ ਨੂੰ ਇੱਕ ਪੱਤਰ ਭੇਜਿਆ ਗਿਆ। ਇਸ 'ਚ ਜਥੇਦਾਰ ਗੜਗੱਜ ਨੇ ਸਾਰੇ ਹੀ ਸਿੱਖ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਸੀ ਕਿ ਉਹ ਸੰਸਦ 'ਚ ਇਸ ਮੁੱਦੇ ਨੂੰ ਮਜ਼ਬੂਤੀ ਨਾਲ ਚੁੱਕਣ। ਕੇਂਦਰ ਸਰਕਾਰ ਤੇ ਦਬਾਅ ਬਣਾ ਕੇ ਵੀਰ ਬਾਲ ਦਿਵਸ ਨੂੰ ਸਾਹਿਬਜ਼ਾਦੇ ਸ਼ਹਾਦਤ ਦਿਵਸ ਦੇ ਰੂਪ 'ਚ ਘੋਸ਼ਿਤ ਕੀਤਾ ਜਾਵੇ।

# ਟਰੰਪ ਨੇ ਰੱਖਿਆ ਨੀਤੀ ਬਿੱਲ 'ਤੇ ਕੀਤੇ ਦਸਤਖ਼ਤ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਾਲਾਨਾ ਰੱਖਿਆ ਨੀਤੀ ਬਿੱਲ 'ਤੇ ਦਸਤਖ਼ਤ ਕਰਕੇ ਇਸ ਨੂੰ ਕਾਨੂੰਨ ਵਜੋਂ ਮਾਨਤਾ ਦੇ ਦਿੱਤੀ ਹੈ। ਇਹ ਨਵਾਂ ਕਾਨੂੰਨ ਭਾਰਤ ਅਤੇ ਅਮਰੀਕਾ ਦੇ ਰਿਸ਼ਤਿਆਂ ਵਿੱਚ ਇੱਕ ਨਵਾਂ ਮੀਲ ਪੱਥਰ ਸਾਬਤ ਹੋਵੇਗਾ, ਕਿਉਂਕਿ ਇਸ ਵਿੱਚ ਭਾਰਤ ਨਾਲ ਰੱਖਿਆ ਸਬੰਧਾਂ ਨੂੰ ਹੋਰ ਮਜਬੂਤ ਅਤੇ ਵੱਡਾ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਕਾਨੂੰਨ ਤਹਿਤ 'ਕੁਆਡ' ਦੇਸ਼ਾਂ ਰਾਹੀਂ ਹਿੰਦ-ਪ੍ਰਸ਼ਾਂਤ ਖੇਤਰ ਨੂੰ ਮੁਕਤ ਅਤੇ ਖੁੱਲ੍ਹਾ ਰੱਖਣ ਦੇ ਸਾਂਝੇ ਉਦੇਸ਼ ਨੂੰ ਅੱਗੇ ਵਧਾਇਆ ਜਾਵੇਗਾ, ਤਾਂ ਜੋ ਚੀਨ ਵੱਲੋਂ ਪੇਸ਼ ਕੀਤੀਆਂ ਜਾ ਰਹੀਆਂ ਚੁਣੌਤੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਸਾਹਮਣਾ ਕੀਤਾ ਜਾ ਸਕੇ।

# ਦਿੱਲੀ 'ਚ ਧੁੰਦ-ਪ੍ਰਦੂਸ਼ਣ ਦਾ ਦੋਹਰਾ ਕਹਿਰ! ਖ਼ਤਰਨਾਕ ਪੱਧਰ 'ਤੇ ਪੁੱਜਾ ਏਕਿਊਆਈ, ਯੈਲੋ ਅਲਰਟ ਜਾਰੀ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਰਾਸ਼ਟਰੀ ਰਾਜਧਾਨੀ ਦਿੱਲੀ ਅਤੇ ਆਸ ਪਾਸ ਦੇ ਖੇਤਰ ਇਸ ਸਮੇਂ ਕੁਦਰਤ ਅਤੇ ਪ੍ਰਦੂਸ਼ਣ ਦੇ ਦੋਹਰੇ ਕਹਿਰ ਦਾ ਸਾਹਮਣਾ ਕਰ ਰਹੇ ਹਨ। ਮੌਸਮ ਵਿਭਾਗ ਨੇ ਸੰਘਣੀ ਧੁੰਦ ਅਤੇ ਜ਼ਹਿਰੀਲੀ ਹਵਾ ਕਾਰਨ ਯੈਲੋ ਅਲਰਟ ਜਾਰੀ ਕੀਤਾ ਹੈ।

19 ਦਸੰਬਰ ਦੀ ਸਵੇਰ ਨੂੰ ਸਥਿਤੀ ਅਜਿਹੀ ਸੀ ਕਿ ਕਈ ਥਾਵਾਂ 'ਤੇ ਦ੍ਰਿਸ਼ਟੀ 100 ਮੀਟਰ ਤੋਂ ਘੱਟ ਸੀ, ਜਿਸ ਕਾਰਨ ਸੜਕਾਂ 'ਤੇ ਵਾਹਨ ਰੇਂਗਦੇ ਦਿਖਾਈ ਦੇ ਰਹੇ ਸਨ। ਭਾਰਤੀ ਮੌਸਮ ਵਿਭਾਗ ਦੇ ਅਨੁਸਾਰ ਦਿੱਲੀ ਦੇ ਪਾਲਮ ਅਤੇ ਸਫਦਰਜੰਗ ਇਲਾਕਿਆਂ ਵਿੱਚ ਧੁੰਦ ਇੰਨੀ ਸੰਘਣੀ ਸੀ ਕਿ ਸਾਹਮਣੇ ਵਾਲੀਆਂ ਚੀਜ਼ਾਂ ਦੇਖਣਾ ਲਗਭਗ ਅਸੰਭਵ ਸੀ।

ਲਗਭਗ ਜ਼ੀਰੋ ਦ੍ਰਿਸ਼ਟੀ ਅਤੇ ਆਵਾਜਾਈ ਪ੍ਰਭਾਵ

ਘੱਟ ਦ੍ਰਿਸ਼ਟੀ ਹੋਣ ਦੇ ਕਾਰਨ ਹਵਾਈ ਯਾਤਰਾ, ਲੰਬੀ ਦੂਰੀ ਦੀਆਂ ਰੇਲਗੱਡੀਆਂ ਅਤੇ ਸੜਕੀ ਆਵਾਜਾਈ ਨੂੰ ਪ੍ਰਭਾਵਿਤ ਕੀਤਾ ਹੈ। ਮੌਸਮ ਵਿਭਾਗ ਨੇ ਸਵੇਰੇ 5 ਵਜੇ ਤੋਂ ਸਵੇਰੇ 8 ਵਜੇ ਤੱਕ ਦਾ ਸਮਾਂ ਸਭ ਤੋਂ ਸੰਵੇਦਨਸ਼ੀਲ ਦੱਸਿਆ ਹੈ ਅਤੇ ਲੋਕਾਂ ਨੂੰ ਧਿਆਨ ਨਾਲ ਗੱਡੀ ਚਲਾਉਣ ਦੀ ਸਲਾਹ ਦਿੱਤੀ ਹੈ। ਬੁੱਧਵਾਰ (18 ਦਸੰਬਰ) ਦਿੱਲੀ ਲਈ ਸੀਜ਼ਨ ਦਾ ਸਭ ਤੋਂ ਠੰਡਾ ਦਿਨ ਸਾਬਤ ਹੋਇਆ। ਵੱਧ ਤੋਂ ਵੱਧ ਤਾਪਮਾਨ 20.1 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ, ਜੋ ਆਮ ਨਾਲੋਂ 2 ਡਿਗਰੀ ਘੱਟ ਹੈ। ਸਿਰਫ਼ 24 ਘੰਟਿਆਂ ਦੇ ਅੰਦਰ, ਵੱਧ ਤੋਂ ਵੱਧ ਤਾਪਮਾਨ 4 ਡਿਗਰੀ ਤੋਂ ਵੱਧ ਡਿੱਗ ਗਿਆ। ਰਾਤ ਦਾ ਤਾਪਮਾਨ 9 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ, ਜਿਸ ਨਾਲ ਠੰਢ ਵਧ ਗਈ।

# ਪੰਜਾਬ ਸਰਕਾਰ ਵੱਲੋਂ ਸਹਿਕਾਰੀ ਖੇਤਰ ਨੂੰ ਵੱਡਾ ਹੁਲਾਰਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਸਹਿਕਾਰੀ ਖੇਤਰ ਦੀ ਮਜ਼ਬੂਤੀ ਵੱਲ ਮਹੱਤਵਪੂਰਨ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਵੀਆਂ ਖੇਤੀਬਾੜੀ, ਡੇਅਰੀ ਅਤੇ ਮੱਛੀ ਪਾਲਣ ਸਹਿਕਾਰੀ ਸਭਾਵਾਂ ਲਈ ਰਜਿਸਟ੍ਰੇਸ਼ਨ ਫੀਸ ਵਿੱਚ ਵੱਡੀ ਕਟੌਤੀ ਦਾ ਐਲਾਨ ਕੀਤਾ ਹੈ। ਇਸ ਸਬੰਧੀ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਖੇਤੀਬਾੜੀ, ਡੇਅਰੀ ਅਤੇ ਮੱਛੀ ਪਾਲਣ ਸਹਿਕਾਰੀ ਸਭਾਵਾਂ ਲਈ ਰਜਿਸਟ੍ਰੇਸ਼ਨ ਫੀਸ, ਜੋ ਪਹਿਲਾਂ 10,000/- ਰੁਪਏ ਨਿਰਧਾਰਿਤ ਸੀ, ਨੂੰ ਘਟਾ ਕੇ ਹੁਣ ਸਿਰਫ਼ 1,000 ਰੁਪਏ ਕਰ ਦਿੱਤਾ ਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਸ ਪਹਿਲਕਦਮੀ ਨਾਲ ਰਾਜ ਭਰ ਦੇ ਉਤਪਾਦਕਾਂ ਲਈ ਸਹਿਕਾਰੀ ਸਭਾਵਾਂ ਦਾ ਗਠਨ ਕਰਨਾ ਕਾਫ਼ੀ ਆਸਾਨ ਹੋ ਜਾਵੇਗਾ। ਉਮੀਦ ਕੀਤੀ ਜਾ ਰਹੀ ਹੈ ਕਿ ਇਸ ਕਿਸਾਨ-ਪੱਖੀ ਫੈਸਲੇ ਨਾਲ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਮਿਲੇਗੀ, ਜਿਸ ਨਾਲ ਉਹ ਇਕੱਠੇ ਹੋ ਕੇ ਉੱਚ ਸ਼ੁਰੂਆਤੀ ਲਾਗਤਾਂ ਦੇ ਬੋਝ ਦਾ ਸਾਹਮਣਾ ਕੀਤੇ ਬਿਨਾਂ ਸਹਿਕਾਰੀ ਸਭਾਵਾਂ ਦਾ ਗਠਨ ਕਰ ਸਕਣਗੇ। ਸਹਿਕਾਰੀ ਖੇਤਰ ਦਾ ਵਿਸਥਾਰ ਕਰਨ ਵਾਲਾ ਇਹ ਨਵਾਂ ਕਦਮ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਸੂਬੇ ਭਰ ਵਿੱਚ ਮਿਲਕਫੈੱਡ ਪੰਜਾਬ ਦੇ ਸਹਿਕਾਰੀ ਨੈੱਟਵਰਕ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰੇਗਾ। ਮੁੱਖ ਮੰਤਰੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਨਿਰੰਤਰ ਸਮਾਵੇਸ਼ੀ ਵਿਕਾਸ ਅਤੇ ਕਿਸਾਨ ਸਸ਼ਕਤੀਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ। ਇਸ ਪ੍ਰਗਤੀਸ਼ੀਲ ਸੁਧਾਰ ਨਾਲ, ਪੰਜਾਬ ਸਰਕਾਰ ਨੇ ਇੱਕ ਵਾਰ ਫਿਰ ਸਹਿਕਾਰੀ ਲਹਿਰ ਨੂੰ ਸੂਬੇ ਵਿੱਚ ਖੁਸ਼ਹਾਲੀ ਅਤੇ ਸਵੈ-ਨਿਰਭਰਤਾ ਦਾ ਅਧਾਰ ਬਣਾਉਣ ਵਾਲੀ ਆਪਣੀ ਸੋਚ ਦਾ ਮੁਜ਼ਾਹਰਾ ਕੀਤਾ ਹੈ।


Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company.
policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com


SERVPRO®
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702


SAMRA
REAL ESTATE GROUP
LET US GUIDE YOU HOME
ਘਰ ਖਰੀਦਣ ਜਾਂ ਵੇਚਣ ਦੇ
ਚਾਹਵਾਨ ਇੱਕ ਵਾਰ
ਸਾਨੂੰ ਜਰੂਰ ਮਿਲੋ
COMMERCIAL
and
RESIDENTIAL
industrial
Agriculture Land
Liquor Stores
Gas Stations
Apartments,
Commercial Buildings ਖਰੀਦਣ ਜਾਂ ਵੇਚਣ ਲਈ ਮਿਲੋ
Jass Samra
REALTOR BROKER
Residential &
Commercial
(317) 513-9456
jsamra@jassamra.com
www.jassamra.com
8555 N. River Rd. Suite
200 Indianapolis, IN 46240
Real Estate Lic Number Each Office Independently Owned And Operated

# ਕੇਂਦਰ ਦਾ ਵੀਬੀ-ਜੀ ਰਾਮ ਜੀ ਬਿੱਲ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਨੂੰ ਖ਼ਤਰੇ ਵਿੱਚ ਪਾਉਣ ਵਾਲਾ ਇੱਕ ਖ਼ਤਰਨਾਕ ਕਦਮ: ਮਲਵਿੰਦਰ ਕੰਗ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਸੰਸਦ ਦੇ ਸਰਦ ਰੁੱਤ ਸੈਸ਼ਨ ਦੌਰਾਨ ਕੇਂਦਰ ਦੇ ਪ੍ਰਸਤਾਵਿਤ ਵੀਬੀ-ਜੀ ਰਾਮ ਜੀ ਬਿਲ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਇਸ ਨੂੰ ਪੇਂਡੂ ਮਜ਼ਦੂਰਾਂ ਲਈ ਦੇਸ਼ ਦੇ ਸਭ ਤੋਂ ਵੱਡੇ ਸਮਾਜਿਕ ਸੁਰੱਖਿਆ ਪ੍ਰੋਗਰਾਮ ਮਨਰੇਗਾ ਨੂੰ ਕਮਜ਼ੋਰ ਕਰਨ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਖਤਮ ਕਰਨ ਦੇ ਉਦੇਸ਼ ਨਾਲ ਚੁੱਕਿਆ ਗਿਆ ਇੱਕ ਖ਼ਤਰਨਾਕ ਅਤੇ ਪਿਛਾਂਹਖਿੱਚੂ ਕਦਮ ਕਰਾਰ ਦਿੱਤਾ।

ਇਸ ਬਿੱਲ 'ਤੇ ਬਹਿਸ ਵਿੱਚ ਹਿੱਸਾ ਲੈਂਦਿਆਂ ਕੰਗ ਨੇ ਇਸ ਦੀ ਤੁਲਨਾ ਰੱਦ ਕੀਤੇ ਜਾ ਚੁੱਕੇ ਖੇਤੀ ਕਾਨੂੰਨਾਂ ਨਾਲ ਕੀਤੀ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕਿਸਾਨ ਵਿਰੋਧੀ ਕਾਨੂੰਨਾਂ ਨੇ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨ ਸ਼ੁਰੂ ਕੀਤੇ ਸਨ ਕਿਉਂਕਿ ਉਹ ਕਿਸਾਨਾਂ ਦੀ ਰੋਜ਼ੀ-ਰੋਟੀ ਲਈ ਖਤਰਾ ਸਨ, ਉਸੇ ਤਰ੍ਹਾਂ ਮਨਰੇਗਾ ਵਿੱਚ ਪ੍ਰਸਤਾਵਿਤ ਬਦਲਾਅ ਭਾਰਤ ਦੇ ਸਭ ਤੋਂ ਗਰੀਬ, ਗੈਰ-ਹੁਨਰਮੰਦ ਅਤੇ ਕਮਜ਼ੋਰ ਮਜ਼ਦੂਰਾਂ ਲਈ ਅਜਿਹਾ ਹੀ ਖਤਰਾ ਪੈਦਾ ਕਰਦੇ ਹਨ।

ਕੰਗ ਨੇ ਕਿਹਾ ਕਿ ਮਨਰੇਗਾ ਸਿਰਫ਼ ਇੱਕ ਰੁਜ਼ਗਾਰ ਸਕੀਮ ਨਹੀਂ ਹੈ, ਸਗੋਂ ਇੱਕ ਅਹਿਮ ਸਮਾਜਿਕ ਸੁਰੱਖਿਆ ਜਾਲ ਹੈ। ਉਨ੍ਹਾਂ ਕਿਹਾ ਕਿ ਇਸ ਦੇ ਲਾਗੂ ਹੋਣ ਤੋਂ ਬਾਅਦ, ਪਿੰਡਾਂ ਵਿੱਚ ਅਜਿਹੀਆਂ ਅਣਗਿਣਤ ਕਹਾਣੀਆਂ ਸਾਹਮਣੇ ਆਈਆਂ ਸਨ ਜਿੱਥੇ ਪਰਿਵਾਰ ਸਨਮਾਨਜਨਕ ਜੀਵਨ ਜੀਅ ਰਹੇ ਸਨ ਅਤੇ ਪਹਿਲੀ ਵਾਰ ਗਰੀਬ ਘਰਾਂ ਵਿੱਚ ਯਕੀਨੀ ਰੁਜ਼ਗਾਰ ਅਤੇ ਆਮਦਨ ਕਾਰਨ ਦੀਵਾਲੀ ਵਰਗੇ ਤਿਉਹਾਰ ਖ਼ੁਸ਼ੀ ਨਾਲ ਮਨਾਏ ਗਏ।

ਬਿੱਲ ਦੀਆਂ ਵਿਸ਼ੇਸ਼ ਵਿਵਸਥਾਵਾਂ 'ਤੇ ਗੰਭੀਰ ਇਤਰਾਜ਼ ਉਠਾਉਂਦੇ ਹੋਏ, 'ਆਪ' ਸਾਂਸਦ ਨੇ ਕਿਹਾ ਕਿ ਖੇਤੀਬਾੜੀ ਦੇ ਪੀਕ ਸੀਜ਼ਨ (ਭਰਵੇਂ ਸੀਜ਼ਨ) ਦੌਰਾਨ ਕੰਮ ਨੂੰ ਸੀਮਤ ਕਰਨ



ਵਾਲੀਆਂ ਧਾਰਾਵਾਂ ਮਜ਼ਦੂਰਾਂ ਨੂੰ ਉਸ ਸਮੇਂ ਰੁਜ਼ਗਾਰ ਤੋਂ ਵਾਂਝਾ ਕਰ ਦੇਣਗੀਆਂ ਜਦੋਂ ਉਨ੍ਹਾਂ ਨੂੰ ਆਮਦਨ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇ ਪੇਂਡੂ ਕਾਮਿਆਂ ਨੂੰ ਨਾਜ਼ੁਕ ਸਮੇਂ ਦੌਰਾਨ ਕੰਮ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ, ਤਾਂ ਉਨ੍ਹਾਂ ਕੋਲ ਰੋਜ਼ੀ-ਰੋਟੀ ਦਾ ਕਿਹੜਾ ਵਿਕਲਪ ਹੋਵੇਗਾ?

ਵਿੱਤੀ ਮੋਰਚੇ 'ਤੇ ਕੰਗ ਨੇ ਕੇਂਦਰ ਦੇ ਹਿੱਸੇ ਨੂੰ 90% ਤੋਂ ਘਟਾ ਕੇ 60% ਕਰਨ ਦੀ ਤਜਵੀਜ਼ ਦੀ ਆਲੋਚਨਾ ਕੀਤੀ, ਜਿਸ ਨਾਲ ਰਾਜਾਂ 'ਤੇ ਵਧੇਰੇ ਬੋਝ ਪਵੇਗਾ। ਉਨ੍ਹਾਂ ਦਲੀਲ ਦਿੱਤੀ ਕਿ ਰਾਜ ਪਹਿਲਾਂ ਹੀ ਗੰਭੀਰ ਵਿੱਤੀ ਦਬਾਅ ਹੇਠ ਹਨ, ਕਿਉਂਕਿ ਮਾਲੀਏ ਦਾ ਵੱਡਾ ਹਿੱਸਾ ਕੇਂਦਰ ਵੱਲੋਂ ਜੀਐਸਟੀ ਰਾਹੀਂ ਇਕੱਠਾ ਕੀਤਾ ਜਾ ਰਿਹਾ ਹੈ, ਜਿਸ ਨਾਲ ਰਾਜਾਂ ਕੋਲ ਸੀਮਤ ਸਰੋਤ ਰਹਿ ਗਏ ਹਨ। ਉਨ੍ਹਾਂ ਕਿਹਾ ਕਿ ਰਾਜਾਂ ਤੋਂ ਵੱਧ ਹਿੱਸੇਦਾਰੀ ਦੀ ਉਮੀਦ ਕਰਨਾ ਗੈਰ-ਵਾਜਬ ਅਤੇ ਬੇਇਨਸਾਫ਼ੀ ਹੈ।

ਪੰਜਾਬ ਦੀ ਵਿੱਤੀ ਹਾਲਤ ਦਾ ਜ਼ਿਕਰ ਕਰਦਿਆਂ ਕੰਗ ਨੇ ਦੱਸਿਆ ਕਿ ਪਿਛਲੀਆਂ ਸਰਕਾਰਾਂ ਨੇ ਸੂਬੇ ਸਿਰ ਕਰਜ਼ੇ ਦਾ ਵੱਡਾ ਬੋਝ ਛੱਡਿਆ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਕੇਂਦਰ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਹਟ ਜਾਂਦਾ ਹੈ ਤਾਂ ਵਿੱਤੀ ਤੌਰ 'ਤੇ ਜੂਝ ਰਹੇ ਸੂਬੇ ਮਨਰੇਗਾ ਨੂੰ ਕਿਵੇਂ ਬਰਕਰਾਰ ਰੱਖ ਸਕਣਗੇ।

ਕੰਗ ਨੇ ਸਪੱਸ਼ਟ ਤੌਰ 'ਤੇ ਮੰਗ ਕੀਤੀ ਕਿ 90% ਕੇਂਦਰੀ ਹਿੱਸੇ ਅਤੇ 10% ਰਾਜ ਦੇ ਹਿੱਸੇ ਦੇ ਅਸਲ ਫੰਡਿੰਗ ਪੈਟਰਨ ਨੂੰ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ ਅਤੇ ਕੇਂਦਰ ਸਰਕਾਰ ਨੂੰ ਪੇਂਡੂ ਰੁਜ਼ਗਾਰ ਪ੍ਰਤੀ ਆਪਣੀ ਵਚਨਬੱਧਤਾ ਨੂੰ ਘੱਟ ਨਾ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਨੇ ਮਨਰੇਗਾ ਦੀ ਬਹੁਤ ਘੱਟ ਉਜਰਤ ਦਾ ਮੁੱਦਾ ਵੀ ਉਠਾਇਆ ਅਤੇ ਕਿਹਾ ਕਿ ਮੌਜੂਦਾ ਦਰਾਂ ਬੁਨਿਆਦੀ ਗੁਜ਼ਾਰੇ ਲਈ ਨਾਕਾਫ਼ੀ ਹਨ। ਕੰਗ ਨੇ ਮੰਗ ਕੀਤੀ ਕਿ ਮਨਰੇਗਾ ਤਹਿਤ ਘੱਟੋ-ਘੱਟ ਰੋਜ਼ਾਨਾ ਦਿਹਾੜੀ ਵਧਾ ਕੇ 500 ਰੁਪਏ ਕੀਤੀ ਜਾਵੇ ਅਤੇ ਰਾਜਾਂ ਨੂੰ ਇਸ ਨੂੰ ਸਹੀ ਢੰਗ ਨਾਲ ਲਾਗੂ ਕਰਨ ਵਿੱਚ ਮਦਦ ਕਰਨ ਲਈ ਲੋੜੀਂਦੀ ਕੇਂਦਰੀ ਸਹਾਇਤਾ ਦਿੱਤੀ ਜਾਵੇ।

ਆਪਣੇ ਸੰਬੋਧਨ ਦੇ ਅੰਤ ਵਿੱਚ ਕੰਗ ਨੇ ਕਿਹਾ ਕਿ "ਵਿਕਸਤ ਭਾਰਤ" ਦਾ ਵਿਜ਼ਨ ਪਿੰਡਾਂ ਨੂੰ ਕਮਜ਼ੋਰ ਕਰਕੇ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਪੇਂਡੂ ਰੋਜ਼ੀ-ਰੋਟੀ ਨੂੰ ਖਤਮ ਕਰਨ ਵਾਲੀਆਂ ਨੀਤੀਆਂ ਦੀ ਬਜਾਏ ਮਜ਼ਬੂਤ ਸਮਾਜਿਕ ਸੁਰੱਖਿਆ ਪ੍ਰਬੰਧਾਂ ਦੀ ਮੰਗ ਕਰਦਿਆਂ ਕਿਹਾ ਕਿ ਭਾਰਤ ਉਦੋਂ ਹੀ ਵਿਕਸਤ ਹੋ ਸਕਦਾ ਹੈ ਜਦੋਂ ਇਸ ਦੇ ਪਿੰਡ ਮਜ਼ਬੂਤ ਹੋਣਗੇ, ਅਤੇ ਪਿੰਡ ਉਦੋਂ ਹੀ ਮਜ਼ਬੂਤ ਹੋ ਸਕਦੇ ਹਨ ਜਦੋਂ ਕਿਸਾਨ ਅਤੇ ਮਜ਼ਦੂਰ ਸੁਰੱਖਿਅਤ ਹੋਣਗੇ।

# ਖੇਤੀ ਰਹਿੰਦ-ਖੂੰਹਦ ਦੇ ਨਿਪਟਾਰੇ ਅਤੇ ਸੌਰ ਊਰਜਾ ਨਾਲ ਰੁਸ਼ਨਾਏਗਾ ਪੰਜਾਬ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਸਾਲ 2025 ਦੌਰਾਨ ਨਵਿਆਉਣਯੋਗ ਖੇਤਰ ਵਿੱਚ ਹੋਈ ਬੇਮਿਸਾਲ ਪ੍ਰਗਤੀ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ ਖੇਤੀ ਰਹਿੰਦ-ਖੂੰਹਦ ਅਤੇ ਸੌਰ ਊਰਜਾ ਦੀ ਵਰਤੋਂ ਜ਼ਰੀਏ ਪੰਜਾਬ ਨੂੰ ਸੁਹਾਵਣੇ ਤੇ ਸਿਹਤਮੰਦ ਭਵਿੱਖ ਵੱਲ ਲਿਜਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਸੂਰਜ ਤੋਂ ਘਰਾਂ ਅਤੇ ਖੇਤਾਂ ਨੂੰ ਊਰਜਾ ਮਿਲ ਰਹੀ ਹੈ; ਖੇਤੀ ਰਹਿੰਦ-ਖੂੰਹਦ ਤੋਂ ਸਾਫ਼-ਸੁਥਰੇ ਈਂਧਣ ਵਜੋਂ ਕੰਮ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੇਡਾ ਨੇ ਆਪਣੀਆਂ ਵਿਕਾਸ-ਮੁਖੀ ਨੀਤੀਆਂ ਨਾਲ ਪੰਜਾਬ ਦੇ ਟਿਕਾਊ ਭਵਿੱਖ ਦੀ ਸਿਰਜਣਾ ਵੱਲ ਇੱਕ ਵੱਡੀ ਪੁਲਾਂਘ ਪੁੱਟੀ ਹੈ।

ਅਮਨ ਅਰੋੜਾ ਨੇ ਦੱਸਿਆ ਕਿ ਸੌਰ ਊਰਜਾ ਨਾਲ ਪੰਜਾਬ ਦਾ ਰਿਸ਼ਤਾ ਇਸ ਸਾਲ ਹੋਰ ਵੀ ਗੂੜ੍ਹਾ ਹੋਇਆ ਹੈ ਕਿਉਂਕਿ ਜੁਲਾਈ 2025 ਵਿੱਚ ਬਠਿੰਡਾ ਦੇ ਪਿੰਡ ਭਾਗੀ ਬਾਂਦਰ ਵਿਖੇ 4 ਮੈਗਾਵਾਟ ਸਮਰੱਥਾ ਦਾ ਇੱਕ ਗਰਾਊਂਡ -ਮਾਊਂਟਿਡ ਸੋਲਰ ਪਾਵਰ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਅਤੇ ਬਠਿੰਡਾ ਦੇ ਕੋਠੇ ਮੱਲੂਆਣਾ ਅਤੇ ਸ਼ੇਰਗੜ੍ਹ ਵਿਖੇ 4-4 ਮੈਗਾਵਾਟ ਦੇ ਸੋਲਰ ਪਾਵਰ ਪ੍ਰੋਜੈਕਟ ਲਗਾਏ ਜਾ ਰਹੇ ਹਨ। ਪੇਡਾ ਨੇ ਖੇਤੀਬਾੜੀ ਖੇਤਰ ਨੂੰ ਕਾਰਬਨ ਮੁਕਤ ਕਰਨ ਲਈ ਬਠਿੰਡਾ ਜ਼ਿਲ੍ਹੇ ਦੇ ਪੀਰਕੋਟ ਫੀਡਰ 'ਤੇ ਸੋਲਰ ਗਰਿੱਡ-ਕੁਨੈਕਟਿਡ 16 ਖੇਤੀਬਾੜੀ ਪੰਪ ਵੀ ਲਗਾਏ ਹਨ ਅਤੇ 4 ਹੋਰ ਪੰਪ ਸਥਾਪਤ ਕੀਤੇ ਜਾ ਰਹੇ ਹਨ।

ਇਸਦੇ ਨਾਲ ਹੀ ਪੇਡਾ ਨੇ ਰਾਜ ਭਰ ਵਿੱਚ ਵੱਖ-ਵੱਖ ਥਾਵਾਂ 'ਤੇ 4,850 ਆਫ-ਗਰਿੱਡ ਸਟੈਂਡਅਲੋਨ ਸੋਲਰ ਵਾਟਰ ਪੰਪ ਵੀ ਲਗਾਏ ਹਨ। ਇਸ ਤੋਂ ਇਲਾਵਾ ਮਾਡਲ ਸੋਲਰ ਵਿਲੇਜ (ਪਿੰਡ) ਯੋਜਨਾ ਤਹਿਤ ਸਵੈ-ਨਿਰਭਰ ਊਰਜਾ ਹੱਬ ਵਿੱਚ ਬਦਲਣ ਲਈ 277 ਪਿੰਡਾਂ ਦੀ ਪਛਾਣ ਕੀਤੀ ਗਈ ਹੈ। ਇਸ ਸਾਲ 148 ਸਰਕਾਰੀ ਇਮਾਰਤਾਂ 'ਤੇ 2.6 ਮੈਗਾਵਾਟ ਦੇ ਰੂਫ਼ਟਾਪ ਸੋਲਰ ਪਾਵਰ ਪਲਾਂਟ ਵੀ ਲਗਾਏ ਗਏ ਹਨ ਅਤੇ 4,169 ਤੋਂ ਵੱਧ ਸੋਲਰ ਸਟਰੀਟ ਲਾਈਟਾਂ 299 ਪਿੰਡਾਂ ਨੂੰ ਰੌਸ਼ਨ ਕਰਦਿਆਂ ਹਨੇਰਾ ਹੋਣ 'ਤੇ ਲੋਕਾਂ ਦੇ ਸੁਖਾਲੇ ਜਨ-ਜੀਵਨ ਅਤੇ ਸੁਰੱਖਿਆ ਨੂੰ ਯਕੀਨੀ ਬਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ 65 ਪਿੰਡਾਂ ਵਿੱਚ ਹੋਰ 1,221 ਸੋਲਰ ਸਟਰੀਟ ਲਾਈਟਾਂ ਲਗਾਈਆਂ ਜਾ ਰਹੀਆਂ ਹਨ।ਖੇਤਾਂ ਵਿੱਚ ਲਿਖੀ ਜਾ ਰਹੀ ਸਫ਼ਲਤਾ ਦੀ ਇਬਾਰਤ ਨੂੰ ਸਾਂਝਾ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ 822 ਟਨ ਸੀਬੀਜੀ ਪ੍ਰਤੀ ਦਿਨ ਦੀ ਕੁੱਲ ਸਮਰੱਥਾ ਵਾਲੇ 57 ਕੰਪ੍ਰੈਸਡ ਬਾਇਓਗੈਸ (ਸੀਬੀਜੀ) ਪ੍ਰੋਜੈਕਟ ਅਲਾਟ ਕੀਤੇ ਗਏ ਹਨ। ਇਹ ਪ੍ਰੋਜੈਕਟ ਚਾਲੂ ਹੋਣ ਉਤੇ ਸਾਲਾਨਾ 27 ਲੱਖ ਟਨ ਤੋਂ ਵੱਧ ਪਰਾਲੀ ਦੀ ਖਪਤ ਕਰਨਗੇ।

ਇਸ ਤੋਂ ਇਲਾਵਾ ਕੁੱਲ 107.48 ਟੀਪੀਡੀ ਸਮਰੱਥਾ ਵਾਲੇ ਛੇ ਸੀਬੀਜੀ ਪ੍ਰੋਜੈਕਟ ਕਾਰਜਸ਼ੀਲ ਹਨ। ਇਸਦੇ ਨਾਲ ਹੀ ਪੰਜ ਕੰਪ੍ਰੈਸਡ ਬਾਇਓ-ਗੈਸ ਪਲਾਂਟ ਅਤੇ ਬਠਿੰਡਾ ਵਿੱਚ ਇੱਕ ਪ੍ਰਮੁੱਖ ਬਾਇਓ-ਈਥੇਨੌਲ ਫੈਸਿਲਟੀ ਸਥਾਪਨਾ ਤੋਂ ਬਾਅਦ ਸਾਲਾਨਾ 3.3 ਲੱਖ ਟਨ ਤੋਂ ਵੱਧ ਪਰਾਲੀ ਦੀ ਖਪਤ ਕਰਨਗੇ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਰਹਿੰਦ-ਖੂੰਹਦ ਪ੍ਰਬੰਧਨ ਨਹੀਂ; ਸਗੋਂ ਇੱਕ ਸਰਕੂਲਰ ਅਰਥਵਿਵਸਥਾ ਦੀ ਸਿਰਜਣਾ ਹੈ ਜਿੱਥੇ ਖੇਤੀ ਰਹਿੰਦ-ਖੂੰਹਦ ਦਾ ਕੁਸ਼ਲ ਪ੍ਰਬੰਧਨ ਵਿਕਾਸ ਤੇ ਤਰੱਕੀ ਦੇ ਨਾਲ-ਨਾਲ ਸਾਫ਼ ਤੇ ਸਿਹਤਮੰਦ ਵਾਤਾਵਰਣ ਵਿੱਚ ਯੋਗਦਾਨ ਪਾਉਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਇੱਕ ਵਿਲੱਖਣ ਅਤੇ ਟਿਕਾਊ ਊਰਜਾ ਬੁਨਿਆਦੀ ਢਾਂਚਾ ਤਿਆਰ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸਦੇ ਨਾਲ ਹੀ 40 ਮੈਗਾਵਾਟ ਦਾ ਕੈਨਲ-ਟਾਪ ਸੋਲਰ ਪ੍ਰੋਜੈਕਟ ਬਿਜਲੀ ਪੈਦਾ ਕਰਨ ਦੇ ਨਾਲ-ਨਾਲ ਭੂਮੀ ਸੰਭਾਲ ਅਤੇ ਪਾਣੀ ਦੀ ਬਚਤ ਨੂੰ ਯਕੀਨੀ ਬਣਾਏਗਾ। ਉਨ੍ਹਾਂ ਕਿਹਾ ਕਿ ਬਟਾਲਾ ਸ਼ੂਗਰ ਮਿੱਲ ਵਿਖੇ 14 ਮੈਗਾਵਾਟ ਦਾ ਸਹਿ-ਉਤਪਾਦਨ ਪਲਾਂਟ ਅਤੇ ਧਾਰੀਵਾਲ ਵਿੱਚ 2 ਮੈਗਾਵਾਟ ਦਾ ਮਿੰਨੀ ਹਾਈਡਲ ਪ੍ਰੋਜੈਕਟ ਪੰਜਾਬ ਸਰਕਾਰ ਵੱਲੋਂ ਹਰ ਨਵਿਆਉਣਯੋਗ ਸਰੋਤ ਦੀ ਕੁਸ਼ਲ ਵਰਤੋਂ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਅਰੋੜਾ ਨੇ ਦੱਸਿਆ ਕਿ ਊਰਜਾ ਕੁਸ਼ਲਤਾ ਅਤੇ ਗਰੀਨ ਊਰਜਾ ਖੇਤਰ ਵਿੱਚ ਪੇਡਾ ਦੇ ਯਤਨਾਂ ਨੂੰ ਰਾਸ਼ਟਰੀ ਪੱਧਰ 'ਤੇ ਮਾਨਤਾ ਮਿਲੀ ਹੈ। ਉਨ੍ਹਾਂ ਕਿਹਾ ਕਿ ਐਨਈਸੀਏ 2025 ਤਹਿਤ ਸਟੇਟ ਪਰਫਾਰਮੈਂਸ ਐਵਾਰਡ (ਗਰੁੱਪ-3) ਵਿੱਚ ਮਾਣਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਹੱਥੋਂ ਪੇਡਾ ਨੂੰ ਦੂਜੇ ਐਵਾਰਡ ਨਾਲ ਸਨਮਾਨ ਹਾਸਲ ਹੋਇਆ ਹੈ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਅਣਥੱਕ ਯਤਨਾਂ ਨੇ ਇਕੋ ਤੀਰ ਨਾਲ ਊਰਜਾ ਸੰਭਾਲ, ਖ਼ੁਸ਼ਹਾਲ ਕਿਸਾਨੀ ਅਤੇ ਵਾਤਾਵਰਣ ਸੰਭਾਲ ਲਈ ਇੱਕ ਨਵਾਂ ਰਾਹ ਘੜਿਆ ਹੈ। ਅਮਨ ਅਰੋੜਾ ਨੇ ਕਿਹਾ ਕਿ ਅਸਲ ਤਰੱਕੀ, ਉਸ ਕਿਸਾਨ, ਜਿਸਦੀ ਸਿੰਚਾਈ ਲਾਗਤ ਘਟੀ ਹੈ, ਪਿੰਡ ਦਾ ਚੌਰਾਹਾ, ਜੋ ਸੋਲਰ ਲਾਈਟਾਂ ਨਾਲ ਜਗਮਗਾ ਰਿਹਾ ਹੈ ਅਤੇ ਸਾਫ਼-ਸੁਥਰੀ ਹਵਾ, ਜਿਸ ਵਿੱਚ ਅਸੀਂ ਸਾਹ ਲੈਂਦੇ ਹਾਂ, ਨੂੰ ਦੇਖ ਕੇ ਮਹਿਸੂਸ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਰੌਸ਼ਨ, ਹਰਿਆ-ਭਰਿਆ ਅਤੇ ਵਧੇਰੇ ਖ਼ੁਸ਼ਹਾਲ ਪੰਜਾਬ ਸਿਰਜ ਰਹੇ ਹਾਂ, ਜਿਵੇਂ ਕਿ ਅਸੀਂ ਵਾਅਦਾ ਕੀਤਾ ਸੀ। ਨਵੀਂ ਤੇ ਨਵਿਆਉਣਯੋਗ ਊਰਜਾ



ਸਰੋਤ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨੇ ਕਿਹਾ ਕਿ ਪੰਜਾਬ ਸਿਰਫ਼ ਨਵਿਆਉਣਯੋਗ ਊਰਜਾ ਨੂੰ ਅਪਣਾ ਹੀ ਨਹੀਂ ਰਿਹਾ, ਸਗੋਂ ਇਸਨੂੰ ਆਪਣੇ ਵਿਕਾਸ ਦੇ ਤਾਣੇ-ਬਾਣੇ ਦਾ ਹਿੱਸਾ ਵੀ ਬਣਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਹਰੇਕ ਪ੍ਰੋਜੈਕਟ ਊਰਜਾ ਖੇਤਰ 'ਚ ਸਵੈ-ਨਿਰਭਰਤਾ, ਆਰਥਿਕ ਮਜ਼ਬੂਤੀ ਅਤੇ ਸਾਫ਼-ਸੁਥਰੇ ਵਾਤਾਵਰਣ ਵੱਲ ਇੱਕ ਸੋਚਿਆ-ਸਮਝਿਆ ਤੇ ਪ੍ਰਭਾਵਸ਼ਾਲੀ ਕਦਮ ਹੈ।

# ਪਛੜੀਆਂ ਸ਼੍ਰੇਣੀਆਂ, ਘੱਟ ਗਿਣਤੀ ਵਰਗ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਦੇ ਉਥਾਨ ਲਈ ਪੰਜਾਬ ਸਰਕਾਰ ਯਤਨਸ਼ੀਲ : ਸੰਦੀਪ ਸੈਣੀ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਪਛੜੀਆਂ ਸ਼੍ਰੇਣੀਆਂ, ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਵੱਲੋਂ ਸੂਬੇ ਦੀਆਂ ਪਛੜੀਆਂ ਸ਼੍ਰੇਣੀਆਂ, ਆਰਥਿਕ ਤੌਰ 'ਤੇ ਕਮਜ਼ੋਰ ਵਰਗ ਅਤੇ ਘੱਟ ਗਿਣਤੀ ਵਰਗ ਦੇ ਵਿਅਕਤੀਆਂ ਦਾ ਆਰਥਿਕ ਮਿਆਰ ਉੱਚਾ ਚੁੱਕਣ ਦੇ ਮਨੋਰਥ ਨਾਲ ਸਵੈ-ਰੁਜ਼ਗਾਰ ਸਥਾਪਿਤ ਕਰਨ ਲਈ ਅਤੇ ਵਿਦਿਆਰਥੀਆਂ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਉਚੇਰੀ ਸਿਖਿਆ ਪ੍ਰਾਪਤ ਕਰਨ ਲਈ ਘੱਟ ਵਿਆਜ ਦੀ ਦਰ 'ਤੇ ਕਰਜੇ ਮੁਹੱਈਆ ਕਰਵਾਏ ਜਾਂਦੇ ਹਨ। ਇਹ ਜਾਣਕਾਰੀ ਬੈਕਫਿੰਕੋ ਦੇ ਚੇਅਰਮੈਨ ਸੰਦੀਪ ਸੈਣੀ ਵੱਲੋਂ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਪਛੜੀਆਂ ਸ਼੍ਰੇਣੀਆਂ, ਘੱਟ ਗਿਣਤੀ ਵਰਗ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਦੇ ਉਥਾਨ ਲਈ ਪੰਜਾਬ ਸਰਕਾਰ ਯਤਨਸ਼ੀਲ ਹੈ।ਸੈਣੀ ਨੇ ਦੱਸਿਆ ਕਿ ਬੈਕਫਿੰਕੋ ਵੱਲੋਂ ਸਾਲ 2025-26 ਦੌਰਾਨ ਐਨ.ਐਮ.ਡੀ. ਸਕੀਮ ਅਧੀਨ ਪੰਜਾਬ ਰਾਜ ਦੇ ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਕ੍ਰਿਸ਼ਚਨ, ਪਾਰਸੀ, ਬੋਧੀ ਅਤੇ ਜੈਨੀ) ਦੇ ਲੋਕਾਂ ਨੂੰ 1047 ਲਾਭਪਾਤਰੀਆਂ ਨੂੰ 26.12 ਕਰੋੜ ਰੁਪਏ ਕਰਜੇ ਦਾ ਟੀਚਾ ਨਿਸ਼ਚਿਤ ਕੀਤਾ ਗਿਆ ਹੈ, ਜਿਸ ਦੇ ਵਿਰੁੱਧ 1-4-2025 ਤੋਂ 30-11-2025 ਤੱਕ 219 ਲਾਭਪਾਤਰੀਆਂ ਨੂੰ 7.22 ਕਰੋੜ ਰੁਪਏ ਦੇ ਕਰਜੇ ਵੰਡੇ ਗਏ ਅਤੇ ਸਿੱਧਾ ਕਰਜਾ ਸਕੀਮ ਅਧੀਨ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ 18 ਲਾਭਪਾਤਰੀਆਂ ਨੂੰ 35.80 ਲੱਖ ਰੁਪਏ ਦੇ ਕਰਜੇ ਵੰਡੇ ਜਾ ਚੁੱਕੇ ਹਨ। ਇਸ ਤਰ੍ਹਾਂ ਇਸ ਵਿੱਤੀ ਸਾਲ ਦੌਰਾਨ ਦੋਨਾਂ ਕਰਜਾ ਸਕੀਮਾਂ ਅਧੀਨ 237 ਲਾਭਪਾਤਰੀਆਂ ਨੂੰ ਕੁੱਲ 7.58 ਕਰੋੜ ਰੁਪਏ ਦੇ ਕਰਜੇ ਸਵੈ-ਰੋਜ਼ਗਾਰ ਸਥਾਪਿਤ ਕਰਨ ਲਈ ਦਿੱਤੇ ਜਾ ਚੁੱਕੇ ਹਨ। ਐਨ.ਐਮ.ਡੀ. ਸਕੀਮ ਅਧੀਨ ਮਿਤੀ 19-12-2025 ਤੱਕ ਕੁੱਲ 129 ਲਾਭਪਾਤਰੀਆਂ ਦੇ 4.51 ਕਰੋੜ ਰੁਪਏ ਦੇ ਕਰਜੇ ਮਨਜ਼ੂਰ ਕੀਤੇ ਜਾ ਚੁੱਕੇ ਹਨ।


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION

Where Hope Meets

IMMIGRATION OPPORTUNITIES

USA SERVICES :
- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

INDIAN SERVICES :
- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ


ATWAL
IMMIGRATION SERVICES
ATWAL
TAX & IMMIGRATION
SERVICES
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# ਟਰਾਂਸਪੋਰਟ ਖੇਤਰ ਵਿੱਚ ਵੱਡੀਆਂ ਕੰਪਨੀਆਂ ਦੀ ਇਜਾਰੇਦਾਰੀ ਖ਼ਤਮ ਕਰਨ ਲਈ ਮੁੱਖ ਮੰਤਰੀ ਦਾ ਵੱਡਾ ਕਦਮ

## 'ਰੋਜ਼ਗਾਰ ਕ੍ਰਾਂਤੀ ਯੋਜਨਾ' ਅਧੀਨ ਬੇਰੋਜ਼ਗਾਰ ਨੌਜਵਾਨਾਂ ਨੂੰ 505 ਮਿੰਨੀ ਬੱਸ ਪਰਮਿਟ ਸੌਂਪੇ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਟਰਾਂਸਪੋਰਟ ਖੇਤਰ ਵਿੱਚ ਵੱਡੀਆਂ ਕੰਪਨੀਆਂ ਦਾ ਏਕਾਧਿਕਾਰ ਖ਼ਤਮ ਕਰਨ ਦੇ ਉਦੇਸ਼ ਨਾਲ ਵੱਡਾ ਕਦਮ ਚੁੱਕਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 'ਰੋਜ਼ਗਾਰ ਕ੍ਰਾਂਤੀ ਸਕੀਮ' ਤਹਿਤ ਸੂਬੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ 505 ਮਿੰਨੀ ਬੱਸ ਪਰਮਿਟ ਸੌਂਪੇ। ਇੱਥੇ ਮਗਸੀਪਾ ਵਿਖੇ ਹੋਏ ਇੱਕ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਹ ਇਤਿਹਾਸਕ ਮੀਲ ਪੱਥਰ ਹੈ ਕਿਉਂਕਿ ਸੂਬਾ ਸਰਕਾਰ ਨੇ ਇਸ ਸਵੈ-ਰੋਜ਼ਗਾਰ ਪਹਿਲਕਦਮੀ ਨਾਲ 'ਰੋਜ਼ਗਾਰ ਕ੍ਰਾਂਤੀ' ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਕਿ ਟਰਾਂਸਪੋਰਟ ਵਿਭਾਗ ਨੇ ਮਾਰਚ 2022 ਤੋਂ ਹੁਣ ਤੱਕ ਕੁੱਲ 1165 'ਸਮਾਲ ਸਟੇਜ ਕੈਰਿਜ ਪਰਮਿਟ' ਮਨਜ਼ੂਰ ਕੀਤੇ ਹਨ ਅਤੇ ਅੱਜ ਇਸ ਯੋਜਨਾ ਤਹਿਤ 505 ਨੌਜਵਾਨਾਂ ਨੂੰ ਪਰਮਿਟ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਪਰਮਿਟ ਆਮ ਪਰਿਵਾਰਾਂ ਦੇ ਇਨ੍ਹਾਂ ਨੌਜਵਾਨਾਂ ਨੂੰ ਸਮਰੱਥ ਬਣਾਉਣ ਲਈ ਨਿਰਪੱਖ ਢੰਗ ਨਾਲ ਦਿੱਤੇ ਗਏ ਹਨ।

ਪਰਮਿਟ ਪ੍ਰਾਪਤ ਕਰਨ ਵਾਲੇ ਨੌਜਵਾਨਾਂ ਨੂੰ ਵਧਾਈ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਕਦਮ ਪੈਟਰੋਲ ਪੰਪ ਅਪਰੇਟਰਾਂ, ਬੱਸ ਅਪਰੇਟਰਾਂ ਅਤੇ ਹੋਰ ਸਬੰਧਤ ਖੇਤਰਾਂ ਸਮੇਤ ਪੂਰੀ ਆਰਥਿਕਤਾ ਨੂੰ ਹੁਲਾਰਾ ਦੇਵੇਗਾ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਪਹਿਲਾਂ ਬੱਸਾਂ ਦੀ ਘਾਟ ਕਾਰਨ ਵਿਦਿਆਰਥੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਹੁਣ ਸੂਬਾ ਸਰਕਾਰ ਨੇ ਵਿਦਿਆਰਥਣਾਂ ਲਈ ਸਕੂਲ ਬੱਸਾਂ ਸ਼ੁਰੂ ਕੀਤੀਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ 19000 ਕਿਲੋਮੀਟਰ ਪੇਂਡੂ ਸੜਕਾਂ ਸਮੇਤ ਕੁੱਲ 43000 ਕਿਲੋਮੀਟਰ ਸੜਕਾਂ ਦੀ ਰੀਕਾਰਪੈਟਿੰਗ ਦਾ ਕੰਮ ਪੰਜ ਸਾਲਾਂ ਦੀ ਮਿਆਦ ਲਈ ਸੜਕਾਂ ਦੀ ਸਾਂਭ-ਸੰਭਾਲ ਦੀ ਸ਼ਰਤ ਨਾਲ ਅਲਾਟ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ 58000 ਨੌਜਵਾਨਾਂ ਨੂੰ ਬਿਨਾਂ ਕਿਸੇ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਜਾਂ ਸਿਫ਼ਾਰਸ਼ ਦੇ ਸਰਕਾਰੀ ਨੌਕਰੀਆਂ ਮਿਲੀਆਂ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਅਜਿਹੇ ਬੱਸ ਪਰਮਿਟ ਸਿਰਫ਼ ਸੱਤਾਧਾਰੀ ਲੋਕਾਂ ਦੇ ਨੇੜਲੇ ਲੋਕਾਂ ਨੂੰ ਜਾਰੀ ਕੀਤੇ ਜਾਂਦੇ ਸਨ।

ਉਨ੍ਹਾਂ ਕਿਹਾ ਕਿ ਅਸਲੀਅਤ ਇਹ ਹੈ ਕਿ ਤੱਤਕਾਲੀ ਸੱਤਾਧਾਰੀਆਂ ਨੇ ਟਰਾਂਸਪੋਰਟ ਨੂੰ ਪਰਿਵਾਰਕ ਕਾਰੋਬਾਰ ਸਮਝਦਿਆਂ ਆਪਣੇ ਨੇੜਲਿਆਂ ਨੂੰ ਪਰਮਿਟ ਜਾਰੀ ਕੀਤੇ ਅਤੇ ਇਸ ਕਾਰੋਬਾਰ ਵਿੱਚ ਆਪਣਾ ਏਕਾਧਿਕਾਰ ਬਣਾ ਲਿਆ ਸੀ। ਉਨ੍ਹਾਂ ਕਿਹਾ ਕਿ ਹੁਣ ਇਹ ਰੁਝਾਨ ਪੂਰੀ ਤਰ੍ਹਾਂ ਬਦਲ ਗਿਆ ਹੈ ਕਿਉਂਕਿ ਸੂਬੇ ਦੀ ਕਮਾਨ ਇੱਕ ਇਮਾਨਦਾਰ ਸਰਕਾਰ ਕੋਲ ਹੈ, ਜੋ ਸਾਰਿਆਂ ਦੀ ਭਲਾਈ ਲਈ ਵਚਨਬੱਧ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਾਲ ਹੀ ਵਿੱਚ ਸਥਾਨਕ ਇਕਾਈਆਂ ਦੀਆਂ ਚੋਣਾਂ ਆਜ਼ਾਦ ਅਤੇ ਨਿਰਪੱਖ ਢੰਗ ਨਾਲ ਹੋਈਆਂ ਅਤੇ ਕੁਝ ਉਮੀਦਵਾਰਾਂ ਨੇ ਦੋ ਜਾਂ ਤਿੰਨ ਵੋਟਾਂ ਦੇ ਫਰਕ ਨਾਲ ਸੀਟਾਂ ਜਿੱਤੀਆਂ ਹਨ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਨਕਾਰੇ ਜਾਣ ਕਾਰਨ ਵਿਰੋਧੀ ਧਿਰ ਇਸ ਮੁੱਦੇ 'ਤੇ ਬੇਲੋੜਾ ਰੌਲਾ ਪਾ ਰਹੀ ਹੈ।

ਉਨ੍ਹਾਂ ਕਿਹਾ ਕਿ ਕਿਹਾ ਕਿ ਸੂਬੇ ਦੇ ਲੋਕਾਂ ਖਾਸ ਕਰਕੇ ਪੇਂਡੂ ਖੇਤਰਾਂ ਨੇ ਸਿਰਫ਼ ਬਿਆਨਬਾਜ਼ੀ ਦੀ ਬਜਾਏ ਵਿਕਾਸ ਅਤੇ ਕੰਮਾਂ ਨੂੰ ਵੋਟ ਪਾਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪਰਮਾਤਮਾ ਦੀ ਬਖਸ਼ਿਸ਼ ਪ੍ਰਾਪਤ ਜਰਖ਼ੇਜ਼ ਧਰਤੀ ਹੈ, ਪਰ ਪਿਛਲੇ ਸ਼ਾਸਕਾਂ ਨੇ ਆਪਣੇ ਮੁਫਾਦ ਲਈ ਇਸ ਦੇ ਸਰੋਤਾਂ ਨੂੰ ਲੁੱਟਣ ਵਿੱਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਕਿਹਾ ਕਿ ਬਾਦਲਾਂ ਨੇ ਪੂਰੇ ਟਰਾਂਸਪੋਰਟ ਕਾਰੋਬਾਰ ਦਾ ਕੇਂਦਰੀਕਰਨ ਕਰ ਦਿੱਤਾ ਸੀ, ਜਿਸ ਕਾਰਨ ਇਹ ਸਿਸਟਮ ਬਹੁਤ ਬੁਰੀ ਤਰ੍ਹਾਂ ਵਿਗੜ ਗਿਆ ਸੀ ਅਤੇ ਕੁਝ ਚੁਣੇ ਹੋਏ ਲੋਕਾਂ ਵੱਲੋਂ ਧੜੱਲੇ ਨਾਲ ਚਲਾਇਆ ਜਾਂਦਾ ਸੀ।




ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਨਤਕ ਆਵਾਜਾਈ ਨੂੰ ਮਜ਼ਬੂਤ ਕਰਨ ਲਈ 1311 ਨਵੀਆਂ ਬੱਸਾਂ ਸ਼ਾਮਲ ਕਰਨ ਦਾ ਐਲਾਨ ਕੀਤਾ ਅਤੇ ਕਿਹਾ ਕਿ ਨਿੱਜੀ ਟਰਾਂਪੋਰਟਰਾਂ ਨੂੰ ਆਮ ਆਦਮੀ ਦਾ ਸ਼ੋਸ਼ਣ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਪਟਿਆਲਾ, ਜਲੰਧਰ, ਸੰਗਰੂਰ, ਲੁਧਿਆਣਾ ਅਤੇ ਬਠਿੰਡਾ ਦੇ ਬੱਸ ਅੱਡਿਆਂ ਨੂੰ ਅਤਿ-ਆਧੁਨਿਕ ਸਹੂਲਤਾਂ ਨਾਲ ਨਵਾਂ ਰੂਪ ਦਿੱਤਾ ਜਾ ਰਿਹਾ ਹੈ ਅਤੇ ਬਹੁਤ ਜਲਦੀ ਅਸੀਂ ਫੋਨਾਂ ਤੋਂ ਬੱਸ ਟਿਕਟਾਂ ਬੁੱਕ ਕਰਨ ਲਈ ਨਵੀਂ ਐਪ ਸ਼ੁਰੂ ਕਰਾਂਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਜਨਤਕ ਆਵਾਜਾਈ ਖੇਤਰ ਨੂੰ ਮਜ਼ਬੂਤ ਕਰਨ ਲਈ ਪੰਜਾਬ ਵਿੱਚ ਸ਼ਟਲ ਬੱਸ ਸੇਵਾ ਸ਼ੁਰੂ ਕਰੇਗੀ, ਜਿਸ ਨਾਲ ਆਮ ਆਦਮੀ ਨੂੰ ਬਹੁਤ ਫਾਇਦਾ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾਈ ਕੈਬਨਿਟ ਨੇ ਨਵੇਂ ਪਰਮਿਟ ਜਾਰੀ ਕਰਨ ਅਤੇ ਹੋਰ ਸਹੂਲਤਾਂ ਪ੍ਰਦਾਨ ਕਰਨ ਲਈ ਨਿਯਮਾਂ ਵਿੱਚ ਸੋਧ ਕੀਤੀ ਹੈ ਤਾਂ ਜੋ ਨੌਜਵਾਨਾਂ ਨੂੰ ਰੋਜ਼ਗਾਰ ਦੇ ਨਵੇਂ ਮੌਕੇ ਮਿਲ ਸਕਣ ਅਤੇ ਇਸ ਦੇ ਨਾਲ ਹੀ ਜਨਤਕ ਆਵਾਜਾਈ ਸੇਵਾਵਾਂ ਵਿੱਚ ਸੁਧਾਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਅਸੀਂ ਸੂਬੇ ਦੇ ਲੋਕਾਂ ਨੂੰ ਨੌਕਰੀ ਲੱਭਣ ਵਾਲਿਆਂ ਦੀ ਥਾਂ ਨੌਕਰੀ ਪ੍ਰਦਾਨ ਕਰਨ ਵਾਲੇ ਬਣਨ ਦੀ ਮਾਨਸਿਕਤਾ ਵੱਲ ਲੈ ਜਾਣ ਦਾ ਯਤਨ ਕਰ ਰਹੇ ਹਾਂ ਤਾਂ ਜੋ ਆਰਥਿਕਤਾ ਨੂੰ ਹੁਲਾਰਾ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਵਿੱਚ ਭਰਪੂਰ ਸਮਰੱਥਾ ਹੈ ਅਤੇ ਇਸ ਦੀ ਸੁਚੱਜੀ ਵਰਤੋਂ ਕਰਨਾ ਸਮੇਂ ਦੀ ਲੋੜ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 17 ਟੋਲ ਪਲਾਜ਼ੇ ਬੰਦ ਕੀਤੇ ਗਏ ਹਨ, ਜਿਸ ਨਾਲ ਪੰਜਾਬੀਆਂ ਦੇ ਰੋਜ਼ਾਨਾ 64 ਲੱਖ ਰੁਪਏ ਬਚ ਰਹੇ ਹਨ। ਉਨ੍ਹਾਂ ਕਿਹਾ ਕਿ ਟੋਲ ਪਲਾਜ਼ਾ ਕੰਪਨੀਆਂ ਸੂਬਾ ਵਾਸੀਆਂ ਦਾ ਸ਼ੋਸ਼ਣ ਕਰਨ ਲਈ ਇਹਨਾਂ ਦੀ ਮਿਆਦ ਵਿੱਚ ਵਾਧਾ ਕਰਨਾ ਚਾਹੁੰਦੀਆਂ ਸਨ, ਪਰ ਸੂਬਾ ਸਰਕਾਰ ਨੇ ਇਸ ਦੀ ਇਜਾਜ਼ਤ ਨਹੀਂ ਦਿੱਤੀ। ਉਨ੍ਹਾਂ ਟਿੱਪਣੀ ਕੀਤੀ ਕਿ ਪ੍ਰਤਾਪ ਸਿੰਘ ਬਾਜਵਾ ਨੇ ਲੋਕ ਨਿਰਮਾਣ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਸਭ ਤੋਂ ਵੱਧ ਟੋਲ ਪਲਾਜ਼ਾ ਸਥਾਪਤ ਕੀਤੇ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਕੇਂਦਰ ਸਰਕਾਰ ਨਵੇਂ ਨਿਯਮ ਬਣਾ ਕੇ ਮਨਰੇਗਾ ਨੂੰ ਬੰਦ ਕਰਨਾ ਚਾਹੁੰਦੀ ਹੈ ਅਤੇ ਸੂਬਾ ਸਰਕਾਰਾਂ ਉਤੇ ਵਿੱਤੀ ਬੋਝ ਵਧਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਨੂੰ ਬੰਦ ਕਰਨ ਦੇ ਇਰਾਦੇ ਨਾਲ ਸ਼ਰਤਾਂ ਵਿੱਚ ਸੋਧ ਕੀਤੀ ਗਈ ਹੈ, ਜਿਸ ਨਾਲ ਆਮ ਆਦਮੀ ਬਹੁਤ ਨਿਰਾਸ਼ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਮੁੱਦੇ 'ਤੇ ਵਿਸਥਾਰ ਨਾਲ ਚਰਚਾ ਕਰਨ ਲਈ ਜਨਵਰੀ ਵਿੱਚ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਏਗੀ।

ਅਗਨੀਵੀਰ ਯੋਜਨਾ ਲਈ ਕੇਂਦਰ ਨੂੰ ਕਰੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਯੋਜਨਾ ਪੂਰੀ ਤਰ੍ਹਾਂ ਗੈਰ-ਸੰਵਿਧਾਨਕ ਹੈ ਅਤੇ ਇਹ ਭਾਰਤੀ ਫੌਜ ਦੇ ਮੂਲ ਸਿਧਾਂਤਾਂ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਕੀ ਸਾਡੇ ਪੁਰਖਿਆਂ ਨੇ ਇਸ ਦੇਸ਼ ਲਈ ਕੁਰਬਾਨੀਆਂ ਦਿੱਤੀਆਂ ਹਨ। ਪੰਜਾਬ ਦੀ ਧਰਤੀ ਨੇ ਅਨੇਕਾਂ ਬਹਾਦਰ ਯੋਧੇ ਪੈਦਾ ਕੀਤੇ ਹਨ, ਜਿਨ੍ਹਾਂ ਨੇ ਦੇਸ਼ ਦੀ ਰਾਖੀ ਲਈ ਮਹਾਨ ਕੁਰਬਾਨੀਆਂ ਦਿੱਤੀਆਂ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਕਸਟੋਡੀਅਨ ਹੋਣ ਦੇ ਨਾਤੇ ਉਹ ਹਮੇਸ਼ਾ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਖੜ੍ਹੇ ਹਨ ਅਤੇ ਕੇਂਦਰ ਦੇ ਅਜਿਹੇ ਘਿਨਾਉਣੇ ਕਦਮਾਂ ਦਾ ਜ਼ੋਰਦਾਰ ਢੰਗ ਨਾਲ ਵਿਰੋਧ ਕਰਦੇ ਰਹਿਣਗੇ।

# ਸਮਾਜਿਕ ਸੁਰੱਖਿਆ ਤੋਂ ਸੰਕੇਤਿਕ ਵਿਧਾਨ ਸਭਾ ਤੱਕ ਪੰਜਾਬ ਸਰਕਾਰ ਦੇ ਲੋਕ-ਪੱਖੀ ਅਤੇ ਇਤਿਹਾਸਕ ਕਦਮ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਨਿਰੰਤਰ ਲੋਕ-ਪੱਖੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਬਜ਼ੁਰਗਾਂ, ਔਰਤਾਂ, ਬੱਚਿਆਂ ਅਤੇ ਦਿਵਿਆਂਗਜਨਾਂ ਦੀ ਸਮਾਜਿਕ ਅਤੇ ਆਰਥਿਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਲ 2025 (ਵਿੱਤੀ ਸਾਲ 2025-26) ਦੌਰਾਨ ਕਈ ਇਤਿਹਾਸਕ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ। ਉਨ੍ਹਾਂ ਦੱਸਿਆ ਕਿ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਸਾਲ 2025 ਦੌਰਾਨ 6175 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ, ਜਿਸ ਵਿੱਚੋਂ ਨਵੰਬਰ 2025 ਤੱਕ 4683.94 ਕਰੋੜ ਰੁਪਏ ਦੀ ਰਾਸ਼ੀ ਬੁਢਾਪਾ ਪੈਨਸ਼ਨ ਅਤੇ ਹੋਰ ਵਿੱਤੀ ਸਹਾਇਤਾ ਸਕੀਮਾਂ ਤਹਿਤ ਜਾਰੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ 35 ਲੱਖ 29 ਹਜ਼ਾਰ 216 ਲਾਭਪਾਤਰੀਆਂ ਨੂੰ ਨਿਰੰਤਰ ਵਿੱਤੀ ਸਹਾਇਤਾ ਮਿਲ ਰਹੀ ਹੈ, ਜੋ ਕਿ ਪੰਜਾਬ ਸਰਕਾਰ ਵੱਲੋਂ ਸਮਾਜਿਕ ਸੁਰੱਖਿਆ ਦਾ ਮਜ਼ਬੂਤ ਜਾਲ ਤਿਆਰ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚੋਂ ਬਾਲ ਭਿੱਖਿਆ ਨੂੰ ਜੜ੍ਹੋਂ ਖਤਮ ਕਰਨ ਲਈ ਦ੍ਰਿੜ੍ਹ ਸੰਕਲਪ ਨਾਲ ਕੰਮ ਕਰ ਰਹੀ ਹੈ। ਇਸ ਮਕਸਦ ਲਈ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਪ੍ਰੋਜੈਕਟ ਜੀਵਨਜੋਤ ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਮਹੀਨੇ ਦੇ ਦੂਜੇ ਹਫ਼ਤੇ ਵਿਸ਼ੇਸ਼ ਛਾਪੇਮਾਰੀਆਂ ਕੀਤੀਆਂ ਜਾਂਦੀਆਂ ਹਨ।

ਉਨ੍ਹਾਂ ਦੱਸਿਆ ਕਿ ਬਾਲ ਤਸਕਰੀ ਰੋਕਣ ਅਤੇ ਬਾਲ ਭਿੱਖਿਆ ਕਰਵਾਉਣ ਵਿੱਚ ਸ਼ਾਮਲ ਵਿਅਕਤੀਆਂ ਦੀ ਪਛਾਣ ਕਰਨ ਲਈ ਪ੍ਰੋਜੈਕਟ ਜੀਵਨਜੋਤ 2.0 ਲਾਗੂ ਕੀਤਾ ਗਿਆ ਹੈ, ਜਿਸ ਨਾਲ ਮੁਹਿੰਮ ਹੋਰ ਸਖ਼ਤ ਅਤੇ ਪ੍ਰਭਾਵਸ਼ਾਲੀ ਬਣੀ ਹੈ। ਹੁਣ ਤੱਕ 766 ਬੱਚਿਆਂ ਨੂੰ ਭੀਖ ਮੰਗਣ ਤੋਂ ਰੈਸਕਿਊ ਕਰਕੇ ਉਨ੍ਹਾਂ ਦੀ ਸਿੱਖਿਆ ਅਤੇ ਮੁੜ ਵਸੇਬੇ ਲਈ ਠੋਸ ਕਦਮ ਚੁੱਕੇ ਗਏ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਬਾਲ ਵਿਆਹ ਦੀ ਸਮਾਜਿਕ ਬੁਰਾਈ ਨੂੰ ਖਤਮ ਕਰਨ ਲਈ ਸਰਕਾਰ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ। ਸਾਲ 2025 ਦੌਰਾਨ 64 ਬਾਲ ਵਿਆਹਾਂ ਨੂੰ ਸਮੇਂ ਸਿਰ ਰੋਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ ਨਾਮਜ਼ਦ 2076 ਬਾਲ ਵਿਆਹ ਰੋਕਥਾਮ ਅਫ਼ਸਰ ਇਸ ਮੁਹਿੰਮ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਡਾ. ਬਲਜੀਤ ਕੌਰ ਨੇ ਕਿਹਾ ਕਿ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲ ਜਾਣ ਵਾਲੇ ਬੱਚਿਆਂ ਦੀ ਸੁਰੱਖਿਆ ਸਰਕਾਰ ਦੀ ਪ੍ਰਾਥਮਿਕਤਾ ਹੈ। ਪਿਛਲੇ ਚਾਰ ਮਹੀਨਿਆਂ ਦੌਰਾਨ 2385 ਸਕੂਲੀ ਬੱਸਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 404 ਬੱਸਾਂ ਦੇ ਚਲਾਨ ਕੀਤੇ ਗਏ ਅਤੇ 2 ਬੱਸਾਂ ਨੂੰ ਸੁਰੱਖਿਆ ਮਿਆਰ ਪੂਰੇ ਨਾ ਕਰਨ ਕਾਰਨ ਜ਼ਬਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਨੂੰ ਸੰਕੇਤਿਕ ਭਾਸ਼ਾ ਵਿੱਚ ਲਾਗੂ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਚੁੱਕਾ ਹੈ। ਇਸ ਉਪਰਾਲੇ ਨਾਲ ਬੋਲਣ ਅਤੇ ਸੁਣਨ ਵਿੱਚ ਅਸਮਰਥ ਵਿਅਕਤੀ ਲੋਕਤੰਤਰਕ ਪ੍ਰਕਿਰਿਆ ਨਾਲ ਜੁੜ ਸਕਣਗੇ। ਇਸ ਸਬੰਧੀ 1 ਸਾਇਨ ਲੈਂਗੁਏਜ ਇੰਟਰਪ੍ਰੇਟਰ, 42 ਸਪੈਸ਼ਲ ਐਜੂਕੇਟਰ ਅਤੇ 48 ਟਰਾਂਸਲੇਟਰ ਇੰਪੈਨਲ ਕੀਤੇ ਗਏ ਹਨ।

ਡਾ. ਬਲਜੀਤ ਕੌਰ ਨੇ ਕਿਹਾ ਕਿ ਨੇਤਰਹੀਣ ਵਿਅਕਤੀਆਂ ਨੂੰ ਮੁਫ਼ਤ ਅਤੇ ਦਿਵਿਆਂਗਜਨਾਂ ਨੂੰ ਅੱਧੇ ਕਿਰਾਏ 'ਤੇ ਯਾਤਰਾ ਸਹੂਲਤ ਦਿੱਤੀ ਜਾ ਰਹੀ ਹੈ। ਵਿੱਤੀ ਸਾਲ 2025-26 ਦੌਰਾਨ ਇਸ ਯੋਜਨਾ ਲਈ 350 ਲੱਖ ਰੁਪਏ ਦਾ ਬਜਟ ਰੱਖਿਆ ਗਿਆ ਹੈ, ਜਿਸ ਵਿੱਚੋਂ ਹੁਣ ਤੱਕ 3.45 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ।

ਉਨ੍ਹਾਂ ਦੱਸਿਆ ਕਿ ਰਾਜ ਦੇ ਸਾਰੇ ਜ਼ਿਲ੍ਹਿਆਂ ਵਿੱਚ ਵਨ ਸਟਾਪ ਸੈਂਟਰ ਸਥਾਪਿਤ ਹਨ, ਜਿੱਥੇ ਹਿੰਸਾ ਪ੍ਰਭਾਵਿਤ ਔਰਤਾਂ ਨੂੰ ਡਾਕਟਰੀ, ਕਾਨੂੰਨੀ, ਪੁਲਿਸ ਸਹਾਇਤਾ, ਕੌਂਸਲਿੰਗ ਅਤੇ ਸੁਰੱਖਿਅਤ ਰਿਹਾਇਸ਼ ਸਮੇਤ ਪੰਜ ਤਰ੍ਹਾਂ ਦੀਆਂ ਮੁਫ਼ਤ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਨਵੰਬਰ 2025 ਤੱਕ 5121 ਔਰਤਾਂ ਨੇ ਇਨ੍ਹਾਂ ਸੇਵਾਵਾਂ ਦਾ ਲਾਭ ਲਿਆ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਰਾਜ ਦੀਆਂ ਸਾਰੀਆਂ ਔਰਤਾਂ ਨੂੰ ਸਰਕਾਰੀ ਬੱਸਾਂ ਵਿੱਚ ਮੁਫ਼ਤ ਸਫ਼ਰ ਦੀ ਸਹੂਲਤ ਦਿੱਤੀ ਜਾ ਰਹੀ ਹੈ। ਹਰ ਮਹੀਨੇ ਲਗਭਗ 1.20 ਕਰੋੜ ਔਰਤਾਂ ਇਸ ਸਕੀਮ ਦਾ ਲਾਭ ਲੈ ਰਹੀਆਂ ਹਨ। ਨਵੰਬਰ 2025 ਤੱਕ 450 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 27,000 ਤੋਂ ਵੱਧ ਆਂਗਨਵਾੜੀ ਸੈਂਟਰਾਂ ਰਾਹੀਂ 13 ਲੱਖ 65 ਹਜ਼ਾਰ ਲੋੜਵੰਦ ਔਰਤਾਂ ਨੂੰ 3 ਕਰੋੜ 68 ਲੱਖ 72 ਹਜ਼ਾਰ 550 ਸੈਨਟਰੀ ਪੈਡ ਮੁਫ਼ਤ ਵੰਡੇ ਗਏ ਹਨ। ਮੌਜੂਦਾ ਵਿੱਤੀ ਸਾਲ ਦੌਰਾਨ 69,110 ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀ ਔਰਤਾਂ ਲਾਭਪਾਤਰੀਆਂ ਨੂੰ 26.06 ਕਰੋੜ ਰੁਪਏ ਦੀ ਰਾਸ਼ੀ ਡੀ.ਬੀ.ਟੀ. ਰਾਹੀਂ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕੀਤੀ ਗਈ ਹੈ। ਸਰਕਾਰ ਵੱਲੋਂ 1.14 ਲੱਖ ਔਰਤ ਲਾਭਪਾਤਰੀਆਂ ਨੂੰ ਕਵਰ ਕਰਨ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਮੋਹਾਲੀ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਲਗਭਗ 150 ਕਰੋੜ ਰੁਪਏ ਦੀ ਲਾਗਤ ਨਾਲ 5 ਕੰਮਕਾਜੀ ਮਹਿਲਾ ਹੋਸਟਲ ਬਣਾਏ ਜਾਣਗੇ, ਜਿਨ੍ਹਾਂ ਦੀ ਉਸਾਰੀ 2026 ਤੱਕ ਪੂਰੀ ਕਰਨ ਦਾ ਟੀਚਾ ਹੈ।



ਡਾ. ਬਲਜੀਤ ਕੌਰ ਨੇ ਅੰਤ ਵਿੱਚ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਮਾਜਿਕ ਸੁਰੱਖਿਆ, ਔਰਤਾਂ ਦੇ ਸਸ਼ਕਤੀਕਰਨ ਅਤੇ ਸਰਬਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇੱਕ ਖ਼ੁਸ਼ਹਾਲ, ਸੁਰੱਖਿਅਤ ਪੰਜਾਬ ਸਿਰਜਿਆ ਜਾ ਰਿਹਾ ਹੈ।


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


PACIFIC ATLANTIC
INSURANCE SERVICES INC.
AGENCY LIC# 6022536
ਕਿਸੇ ਵੀ ਤਰ੍ਹਾਂ ਦੀ insurance ਕਰਾਉਣ ਲਈ ਕਾਲ ਕਰੋ
ਅਸੀਂ ਹੇਠ ਲਿਖੀਆਂ ਸੇਵਾਵਾਂ ਦਿੰਦੇ ਹਾਂ
ਟਰੱਕਇੰਗ ਬਿਜ਼ਨਸ (ਟਰੱਕ /ਟ੍ਰੇਲਰ) ਦੀ ਇੰਸ਼ੋਰੈਂਸ
ਕਮਰਸ਼ੀਅਲ ਪ੍ਰਾਪਰਟੀ ਦੀ ਇੰਸ਼ੋਰੈਂਸ
ਕਾਰੋਬਾਰ ਦੀ ਇੰਸ਼ੋਰੈਂਸ
ਕਾਰ ਜਾਂ ਘਰ ਦੀ ਇੰਸ਼ੋਰੈਂਸ
ਅਸੀਂ Compatible ਰੇਟ ਦਿੰਦੇ ਹਾਂ, ਕਿਤੇ ਹੋਰ ਜਾਣ ਤੋਂ ਪਹਿਲਾ ਸਾਡੇ ਰੇਟ ਜਰੂਰ ਚੈੱਕ ਕਰੋ
ਅਤੇ Free QUOTE ਲਈ ਕਾਲ ਕਰੋ
ਸੰਪਰਕ ਕਰੋ
Farhan Ali
CLIENT RELATIONS MANAGER
Jessie Ghangas
BROKER AGENT CA LIC# 0171673
(916)800-9828
621 Houston Street W. Sacramento, CA 95691
OFFICE : (530)556-8004
Support@pacificatlanticsvs.com | www.pacificatlanticsvs.com
ਅਸੀਂ ਪੰਜਾਬੀ ਹਿੰਦੀ ਉਰਦੂ ਇੰਗਲਿਸ਼ ਅਤੇ ਸਪੇਨਿਸ਼ ਵਿਚ ਗੱਲ ਕਰ ਸਕਦੇ ਹਾਂ
VISIT US ON :

WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency
CST # 207524-40

Special Fares To India From West-coast (us) On Air India Direct Flights



LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

# ਆਓ ਜ਼ਿੰਦਗੀ ਦੇ ਹਰ ਮੋੜ 'ਤੇ ਹਾਸੇ ਦੇ ਦੀਵੇ ਜਗਾਈਏ

ਹਾਸਾ ਸਰੀਰ ਦੀ ਇੱਕ ਅਨਿੱਖੜਵੀ ਤੇ ਕੁਦਰਤੀ ਕਿਰਿਆ ਹੈ ਜੋ ਮਨੁੱਖੀ ਜੀਵਨ ਦਾ ਅਟੁੱਟ ਅੰਗ ਹੈ। ਜਿਵੇਂ ਹਰ ਭਾਵਨਾ ਆਪਣੇ ਅੰਦਰ ਬੇਸ਼ੁਮਾਰ ਰੰਗ ਸੰਜੋਏ ਬੈਠੀ ਹੁੰਦੀ ਹੈ, ਓਸੇ ਤਰਾ ਹਾਸੇ ਦੇ ਅਤੇ ਕਾਰਨਾਂ ਦੀ ਗਿਣਤੀ ਬੇਅੰਤ ਬੇਸ਼ੁਮਾਰ ਹੈ। ਮਾਲਕ ਨੇ 84 ਲੱਖ ਜੂਨਾਂ ਵਿੱਚੋਂ ਹੱਸਣ ਦਾ ਅਨੋਖਾ ਤੋਹਫ਼ਾ ਕੇਵਲ ਮਨੁੱਖ ਨੂੰ ਹੀ ਬਖ਼ਸ਼ਿਆ ਹੈ। ਇਹ ਰੱਬ ਦਾ ਅਜਿਹਾ ਦਿਵਿਆ ਉਪਹਾਰ ਹੈ ਜੋ ਬਿਨਾਂ ਕਿਸੇ ਦਾਅਵੇ ਤੇ ਬਿਨਾਂ ਮੰਗੇ ਮਿਲਿਆ ਹੈ। ਇਸ ਲਈ ਮਨੁੱਖ ਨੂੰ ਸਾਹ ਦੇ ਨਾਲ-ਨਾਲ ਹਾਸੇ ਦੀ ਇਸ ਕੁਦਰਤੀ ਦਾਤ ਲਈ ਵੀ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਚਾਹੀਦਾ ਹੈ।

ਹਾਸਾ ਰੂਹ ਦੀ ਉਹ ਖੁਰਾਕ ਹੈ ਜੋ ਮਨੁੱਖ ਦੇ ਦਿਲ ਤੋਂ ਹਮਲਾਵਰ ਤਣਾਅ ਨੂੰ ਕੱਢ ਕੇ ਪਲ ਭਰ ਵਿੱਚ ਖੁਸ਼ੀ ਦੀ ਬਿਜਲੀ ਦੌੜਾ ਦਿੰਦਾ ਹੈ। ਕਈ ਵਾਰ ਇੱਕ ਛੋਟੀ ਜਿਹੀ ਮਜ਼ੇਦਾਰ ਗੱਲ, ਕੋਈ ਚੁਟਕਲਾ ਜਾਂ ਕਿਸੇ ਬੱਚੇ ਦਾ ਮਾਸੂਮ ਜਵਾਬ ਸਾਨੂੰ ਇਨ੍ਹੀਂ ਸਚੀ ਖੁਸ਼ੀਆਂ ਦੇ ਜਾਂਦਾ ਹੈ ਕਿ ਹਾਸਾ ਰੋਕਿਆ ਨਹੀਂ ਜਾਂਦਾ। ਕਈ ਵਾਰ ਖੁਸ਼ੀ ਦੇ ਕਾਰਨ, ਕਈ ਵਾਰ ਸ਼ਰਮ ਦੇ ਕਾਰਨ ਅਤੇ ਕਈ ਵਾਰ ਆਪੇ ਤੋਂ ਬਾਹਰ ਹੋਈਆਂ ਬੇਵਕੂਫ਼ੀਆਂ ਤੇ ਵੀ ਹੱਸਾ ਫੁੱਟ ਪੈਂਦਾ ਹੈ। ਪਰ ਹਰ ਵਾਰ ਨਤੀਜਾ ਇੱਕੋ, ਰੂਹ ਹੱਲਕੀ, ਮਨ ਪ੍ਰਸੰਨ ਅਤੇ ਚਿਹਰਾ ਰੌਸ਼ਨ ?

ਚਿਕਿਤਸਾ ਵਿਗਿਆਨ ਵੀ ਸਾਬਤ ਕਰ ਚੁੱਕਾ ਹੈ ਕਿ ਹੱਸਣਾ ਦਿਲ-ਦਿਮਾਗ ਲਈ ਤਾਜ਼ਗੀ ਦਾ ਸਰੋਤ ਹੈ। ਇਹ ਤਣਾਅ ਘਟਾਉਂਦਾ ਹੈ ਅਤੇ ਸਰੀਰ ਨੂੰ ਲੰਮੀ ਤੇ ਸਿਹਤਮੰਦ ਉਮਰ ਬਖ਼ਸ਼ਦਾ ਹੈ। ਹਾਸਾ ਇਸ ਬ੍ਰਹਿਮੰਡ ਦੀ ਉਹ ਅਨਮੋਲ ਵਰਦਾਨ ਹੈ ਜੋ ਬਿਨਾਂ ਕਿਸੇ ਕੀਮਤ ਦੇ ਹਰ ਮਨੁੱਖ ਨੂੰ ਮਿਲ ਸਕਦਾ ਹੈ। ਇਹ ਉਹ ਇਲਾਜ ਹੈ ਜਿਸ ਲਈ ਨਾ ਡਾਕਟਰ ਦੀ ਪਰਚੀ ਚਾਹੀਦੀ ਹੈ ਤੇ ਨਾ ਹੀ ਕਿਸੇ ਫਾਰਮੇਸੀ ਦੀ ਦਵਾਈ। ਹੱਸਣ ਨਾਲ ਅੰਦਰਲੇ ਗਮ ਜਿਵੇਂ ਪਿਘਲ ਕੇ ਬਰਫ਼ ਦੇ ਪਾਣੀ ਵਾਂਗ ਵਹਿ ਜਾਂਦੇ ਹਨ।

ਹਾਂ, ਇਹ ਸੱਚ ਹੈ ਕਿ ਹਾਸੇ ਦੇ ਰੰਗ ਕਈ ਵਾਰ ਇੱਕੋ ਜਿਹੇ ਨਹੀਂ ਹੁੰਦੇ। ਕਈ ਮਹਿਫ਼ਲਾਂ ਵਿੱਚ ਉੱਚ ਅਹੁਦਿਆਂ ਵਾਲੇ ਲੋਕ ਆਪਣੇ ਹੀ ਬੋਲਾਂ 'ਤੇ ਬੇਕਾਰ ਦਾ ਸ਼ੋਰ ਮਚਾ ਕੇ ਹੱਸਦੇ ਹਨ ਅਤੇ ਹੋਰ ਬੈਠੇ ਲੋਕ ਵੀ ਉਸ ਵੱਲ ਵੇਖ ਮਜਬੂਰੀ ਦੇ ਹਾਸੇ ਦਾ ਨਾਟਕ ਕਰਨ ਲੱਗਦੇ ਹਨ। ਇਸ ਦੇ ਉਲਟ ਜੇਕਰ ਕੋਈ ਸਾਦਾ ਇਨਸਾਨ ਦਿਲ ਖੋਲ੍ਹ ਕੇ ਹੱਸ ਲਵੇ ਤਾਂ ਤੁਰੰਤ ਟਾਂਚ ਕਰਦਿਆਂ "ਏਹ ਤਾਂ ਹਰ ਵੇਲੇ ਪਾਗਲਾਂ ਵਾਂਗ ਹੱਸਦਾ ਹੀ ਰਹਿੰਦਾ ਹੈ!"
ਇਹ ਮਨੁੱਖੀ ਫ਼ਿਤਰਤ ਦਾ ਹਿੱਸਾ ਹੈ ਜਦੋਂ ਕਿ ਹਾਸਾ ਕੋਈ ਛੋਟੀ ਗੱਲ ਨਹੀਂ ਇਹ ਜੀਵਨ ਨੂੰ ਜਿਉਂਦਾ ਰੱਖਣ ਵਾਲੀ ਅਸਲ ਤਾਕਤ ਹੈ।

ਬੱਚਿਆਂ ਦਾ ਮਾਸੂਮ ਦਿਲ ਨੂੰ ਛੂਹ ਜਾਣ ਵਾਲਾ ਹਾਸਾ ਜਿਸ ਨਾਲ ਖੁਸ਼ੀ ਅਤੇ ਪਿਆਰ ਦੀ ਭਾਵਨਾ ਉਤਪੰਨ ਹੋਏ, ਵਿਅੰਗਮਈ ਹਾਸਾ, ਮੂਰਖਤਾ ਜਾਂ ਚਲਾਕੀ ਨੂੰ ਨਿਸ਼ਾਨਾ ਬਣਾਕੇ ਹਾਸਾ ਪੈਦਾ ਕਰਨਾ, ਬੇਤੁਕੇ ਹਾਲਾਤਾਂ ਤੋਂ ਪੈਦਾ ਹੋਣ ਵਾਲਾ ਹਾਸਾ, ਮਨੋਰੰਜਨ ਕਰਨ ਲਈ ਸਰੀਰਕ ਕੌਮੇਡੀਅਨ ਹਾਸਾ, ਕਹਿਣਾ ਕੁਝ ਹੋਰ ਤੇ ਮਤਲਬ ਕੁਝ ਹੋਰ ਤੇ ਹਾਸਾ ਆਉਣਾ, ਇਹ ਸਾਰੇ ਤਰ੍ਹਾਂ ਦੇ ਹਾਸੇ ਮਨੁੱਖੀ ਜੀਵਨ ਦੀ ਸਭ ਤੋਂ ਨਿਰਾਲੀ ਦੌਲਤ ਹੈ। ਇਹੋ ਜਿਹਾ ਹਾਸਾ ਜੋ ਅਚਾਨਕ ਚਿਹਰੇ 'ਤੇ ਖਿੜੇ, ਅੱਖਾਂ 'ਚ ਚਮਕ ਭਰ ਦੇਵੇ ਅਤੇ ਦਿਲ ਦੇ ਸਾਰੇ ਭਾਰ ਉਤਾਰ ਰੂਹ ਨੂੰ ਪੰਛੀ ਵਾਂਗ ਉਡਾ ਦਿੰਦਾ ਹੈ।

ਹਾਸ-ਰਸ ਚੁਟਕਲੇ ਹੋਣ ਜਾ ਕਿਸੇ ਦੀਆਂ ਸਾਧੀਆਂ ਸਾਧੀਆਂ ਮਜ਼ਾਕੀਆ ਭਰੀਆਂ ਗੱਲਾਂ ਹਾਸੇ ਦੀ ਬਾਰਿਸ਼ ਕਰ ਦਿੰਦੀਆਂ ਹਨ ਇੱਥੋਂ ਤੱਕ ਕਿ ਕਈ ਵਾਰ ਕੋਈ ਛੋਟੀ ਜਿਹੀ ਗਲਤੀ, ਕੋਈ ਉਲਟਾ-ਸਿਧਾਂ ਕਦਮ, ਜਾਂ ਲਫ਼ਜ਼ਾਂ ਦੀ ਗੜਬੜ ਵੀ ਅਜਿਹਾ ਹੱਸਾ ਦੇਂਦੀ ਹੈ ਕਿ ਰੋਣਾ ਭੁੱਲ ਜਾਂਦਾ ਹੈ।
ਹਾਸਾ ਮਨੁੱਖ ਦੇ ਦੋਸਤਾਂਨਿਆਂ ਰਿਸ਼ਤਿਆਂ, ਮਿੱਠੇ ਇਸ਼ਾਰਿਆਂ, ਚਲਾਕ ਨਜ਼ਰਾਂ ਅਤੇ ਬੁੱਧੀਮਾਨ ਸ਼ਰਾਰਤਾਂ ਵਿੱਚ ਵੀ ਲੁਕਿਆ ਮਿਲਦਾ ਹੈ। ਇਸ ਤੋਂ ਇਲਾਵਾ ਬੱਚਿਆਂ ਦੀ ਮਾਸੂਮੀਅਤ ਵੇਖ ਕੇ ਵੀ ਦਿਲ ਹਾਸੇ ਨਾਲ ਖਿੜ ਜਾਂਦਾ ਹੈ।

ਕਈ ਵਾਰ ਤਾਂ ਰੋਜ਼ਾਨਾ ਦੀਆਂ ਜ਼ਿੰਦਗੀ ਦੀਆਂ ਛੋਟੀਆਂ-ਛੋਟੀਆਂ ਗੱਲਾਂ ਵੀ ਐਸਾ ਹੱਸਾ ਦਿੰਦੀਆਂ ਹਨ ਕਿ ਅਸੀਂ ਭੁਲ ਜਾਂਦੇ ਹਾਂ ਸਾਡੇ ਉੱਪਰ ਕਿਹੜੇ ਵੱਡੇ ਵੱਡੇ ਬੋਝ ਹਨ ਜਿਵੇਂ ਕਿ ਦਾਦੀ ਜੀ ਦਾ ਨਵਾਂ-ਨਵਾਂ ਮੋਬਾਇਲ ਵਰਤਣਾ, ਦਾਦਾ ਜੀ ਦਾ ਚਸ਼ਮਾ ਪਾ ਕੇ ਚਸ਼ਮੇ ਨੂੰ ਹੀ ਲੱਭਣਾ, ਜਾਂ ਕਿਸੇ ਚਲਾਕ ਭਾਤੀਜੇ ਦਾ ਆਪਣੀ ਭੂਆਂ ਨੂੰ ਹੀ ਚਲਾਕੀ ਨਾਲ ਚੱਕ ਦੇਣਾ ਇਹ ਸਭ ਪਲ ਸਾਡੇ ਦਿਲਾਂ 'ਚ ਹਾਸੇ ਦੇ ਬੂਟੇ ਲਗਾ ਦਿੰਦੇ ਹਨ। ਹਾਸੇ ਦੀ ਇੱਕ ਖ਼ਾਸ ਖ਼ੂਬੀ ਇਹ ਵੀ ਹੈ ਕਿ ਇਹ ਇਨਸਾਨਾਂ ਦੇ ਵਿਚਕਾਰੋਂ ਦੂਰੀਆਂ ਮਿਟਾ ਦਿੰਦਾ ਹੈ। ਇੱਕ ਖਰਾ ਹਾਸਾ ਹਰ ਰਿਸ਼ਤੇ ਦੀ ਮਿਠਾਸ ਵਧਾ ਦੇਂਦਾ ਹੈ। ਹੱਸਦਿਆਂ ਅਸੀਂ ਥੋੜ੍ਹਾ ਹੋਰ ਮਨੁੱਖੀ ਬਣ ਜਾਂਦੇ ਹਾਂ, ਥੋੜ੍ਹਾ ਹੋਰ ਪਿਆਰ ਸਿੱਖ ਲੈਂਦੇ ਹਾਂ।

ਵਿਅੰਗ ਦੀ ਤਿੱਖੀ ਧਾਰ ਵੀ ਜਦ ਹੱਸਣ ਦੇ ਰੰਗ 'ਚ ਰੰਗੀ ਹੋਵੇ ਤਾਂ ਸਮਾਜ ਦੀਆਂ ਕਾਲੀਆਂ ਗਠਾਂ 'ਤੇ ਵੀ ਮੱਲ੍ਹਮ ਪਾ ਦਿੰਦੀ ਹੈ। ਸਾਡੀ ਸੋਚ ਨੂੰ ਨਵਾਂ ਰੁਖ਼ ਦੇਂਦੀ ਹੈ ਤੇ ਦੱਸਦੀ ਹੈ ਕਿ ਸੁਧਾਰ ਵੀ ਹਾਸੇ ਦੇ ਰਾਹੀਂ ਆ ਸਕਦਾ ਹੈ। ਸੱਚ ਪੁੱਛੋ ਤਾਂ ਹਾਸਾ ਉਹ ਰੌਸ਼ਨੀ ਹੈ ਜੋ ਜ਼ਿੰਦਗੀ ਦੇ ਹਨੇਰੇ ਕਮਰਿਆਂ ਦੇ ਦਰਵਾਜ਼ੇ ਖੋਲ੍ਹ ਦੇਂਦੀ ਹੈ। ਇਸ ਕਰਕੇ ਹੱਸੋ ! ਕਿਉਂਕਿ ਹੱਸਣ ਨਾਲ ਚਿਹਰਿਆਂ 'ਤੇ ਰੌਣਕ ਆਉਂਦੀ ਹੈ। ਹੱਸਾਓ, ਕਿਉਂਕਿ ਕਿਸੇ ਹੋਰ ਲਈ ਹਾਸੇ ਦਾ ਕਾਰਨ ਬਣਨਾ ਸਭ ਤੋਂ ਵੱਡੀ ਭਲਾਈ ਹੈ।

ਆਓ ਜ਼ਿੰਦਗੀ ਦੇ ਹਰ ਮੋੜ 'ਤੇ ਹਾਸੇ ਦੇ ਦੀਵੇ ਜਗਾਈਏ, ਕਿਉਂਕਿ ਕੌਣ ਜਾਣਦਾ ਹੈ ਕਿ ਕੱਲ੍ਹ ਨੂੰ ਹੱਸਣ ਦਾ ਸਮਾਂ ਮਿਲੇ ਨਾ ਮਿਲੇ,
ਪਰ ਅੱਜ ਦਾ ਹਾਸਾ ਕਿਸੇ ਦੇ ਕੱਲ੍ਹ ਨੂੰ ਆਸਾਨ ਕਰ ਜਾਏ।



SANJHI SOCH
ਰਾਜਿੰਦਰ ਸਿੰਘ 'ਰਾਜਨ'
ਪਠਾਨਕੋਟ
9417427656






# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।
ਕਾਲ ਕਰ ਸਕਦੇ ਹੋ 408-687-1899
ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.
To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

### When Tired of All Treatments, For any Disease, at any Age Try Alternative Treatment

**Safe and Effective Medicines without any Side Effects**



**GURDIP S SANDHU**




**Consultant/Physician Since 1973**
**DHMS-Gold Medalist, BAMS, MDEH**
**Ex-Prof, Principal & CMO Medical Colleges/Hospitals in India**

**(408) 687-1899    (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK




1003 Moffat Blvd,
Manteca CA 95336

209-239-1551

Chevron
# TRUCK STOP

OPEN PARKING, DELI, SHOWER, LAUNDRY

• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ



We accept all major fleet cards, credit cards including, Visa, MC, AE, Discover, Voyag and Writer Express.

(Or $9 off Chevron In-Store Purchase)

ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।

Contact :
BALRAJ SINGH PANNU
541-942-0105

Chevron

1250, Gateway Blvd. Cottage, OR 97424,
Ph : 541-942-4142 Fax : 541-942-9668

# PIONEER VILLA



Chevron

TRUCK PLAZA

MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE

WE ACCEPT-TCH T-CHECK
COM CHECK - EFS -
ALL MAJOR CREDIT CARDS

PREETI PANNU
(541) 369-2801
FAX (541) 369-3810

33180 HWY 228 HALSEY, OR 97348

"ਕੀ ਤੁਸੀਂ ਆਪਣੇ ਘਰ, ਗੱਡੀ, ਪਰਿਵਾਰ ਜਾਂ ਕਾਰੋਬਾਰ ਦੀ ਸੁਰੱਖਿਆ ਲਈ ਇੰਸ਼ੋਰੈਂਸ ਲੱਭ ਰਹੇ ਹੋ ?

FARMERS INSURANCE

ਨਵਨੀਤ ਕੌਰ
INSURANCE AGENCY

------------- "ਤੁਹਾਡਾ ਸੁਆਗਤ ਹੈ" -------------

"ਅਸੀਂ ਤੁਹਾਡੀ ਹਰ ਲੋੜ ਲਈ ਇੰਸ਼ੋਰੈਂਸ ਪੌਲਿਸੀਆਂ ਵੇਚਦੇ ਹਾਂ, ਜਿਵੇਂ :

ਆਟੋ



ਹੋਮ


ਲਾਈਫ


ਵਪਾਰਕ ਇੰਸ਼ੋਰੈਂਸ


"ਸਾਡੇ ਕੋਲ ਖੇਤਾਂ, ਪਹਾੜਾਂ ਅਤੇ ਕਸਟਮ ਬਿਲਡ ਘਰਾਂ ਦੀ ਵੀ ਇੰਸ਼ੋਰੈਂਸ ਉਪਲਬਧ ਹੈ ਇਸ ਤੋਂ ਇਲਾਵਾ, ਅਸੀਂ ਨੌਨ-ਸਟੈਂਡਰਡ ਆਟੋ ਪੌਲਿਸੀਜ਼ ਵੀ ਕਰਦੇ ਹਾਂ!"

Get a free Quote



KANWALJIT SINGH
(Insurance Agent)

"ਸਾਡੇ ਨਾਲ ਸੰਪਰਕ ਕਰੋ :



ਫ਼ੋਨ ਨੰਬਰ: (209) 672-4539

ਪਤਾ :- 17416 Murphy Pkwy, Lathrop, CA 95330

ਨਵਨੀਤ ਕੌਰ ਫਾਰਮਰ ਇੰਸ਼ੋਰੈਂਸ – ਜਿੱਥੇ ਤੁਹਾਡੀ ਸੁਰੱਖਿਆ ਸਾਡੀ ਪਹਿਲੀ ਤਰਜੀਹ ਹੈ!"


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਸਿੱਖ ਧਰਮ ਵਿੱਚ ਪੋਹ ਮਹੀਨੇ ਦੇ ਸ਼ਹੀਦੀ ਦਿਹਾੜੇ



SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

ਇਹ ਗੱਲ ਸੱਚ ਹੈ ਕਿ ਸਰੀਰਕ ਮੌਤ ਅਸਲ ਮੌਤ ਨਹੀਂ ਹੁੰਦੀ ਬਲਕਿ ਜ਼ਮੀਰ ਦਾ ਮਰ ਜਾਣਾ ਅਸਲ ਮੌਤ ਹੁੰਦੀ ਹੈ। ਮੁ਼ਗਲਾਂ ਦੀ ਜ਼ਮੀਰ ਦਾ ਮਰ ਜਾਣਾ ਅਤੇ ਸਿੱਖ ਧਰਮ ਵਿੱਚ ਕੁਰਬਾਨੀਆਂ ਦਾ ਇਤਿਹਾਸ ਵੀ ਕੁਝ ਇਸ ਗੱਲ ਦੀ ਹਾਮੀ ਭਰਦਾ ਹੈ। ਪੋਹ ਦਾ ਮਹੀਨਾ ਸਿੱਖ ਧਰਮ ਵਿੱਚ ਸ਼ਹਾਦਤਾਂ ਦਾ ਮਹੀਨਾ ਹੈ।ਇਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੇ ਵਿਛੋੜੇ ਤੋਂ ਲੈਕੇ ਵੱਡੇ ਸਾਹਿਬਜ਼ਾਦਿਆਂ, ਚਾ਼ਲੀ ਸਿੰਘਾਂ,ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦਾ ਇੱਕ ਹਫ਼ਤਾ ਸਿੱਖ ਪੰਥ ਲਈ ਕੁਰਬਾਨੀਆਂ ਦਾ ਉਹ ਹਫ਼ਤਾ ਹੈ ਜਿਸ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਇਸ ਵਿੱਚ ਕੁਰਬਾਨੀਆਂ ਦੇ ਨਾਲ ਨਾਲ, ਕੁੰਮੇ ਮਾਸ਼ਕੀ ਦੀ ਦਿਆਲਤਾ,ਗੰਗੂ ਬ੍ਰਾਹਮਣ ਦੇ ਵਿਸ਼ਵਾਸਘਾਤ , ਮੁਗਲਾਂ ਦੇ ਇੰਤਹਾ ਜ਼ੁਲਮ ਦਾ ਘਿਣਾਉਣਾ ਰੂਪ ,ਮੋਤੀ ਰਾਮ ਮਹਿਰਾ ਦਾ ਸ਼ਰਧਾ ਅਤੇ ਤਿਆਗ ਦਾ ਭਾਵ ਆਦਿ ਘਟਨਾਵਾਂ ਦੇ ਨਾਲ ਨਾਲ ਇਸ ਹਫ਼ਤੇ ਵਿੱਚ ਬਹਾਦਰੀ ਦੇ ਇਹੋ ਜਿਹੇ ਬੀਜ ਬੀਜੇ ਗਏ ਕਿ ਇਸ ਨੂੰ ਦੁਨੀਆਂ ਦੇ ਕਿਸੇ ਕੋਨੇ ਵਿੱਚ ਕਿਸੇ ਵੀ ਧਰਮ ਨਾਲ ਸਬੰਧਤ ਲੋਕ ਪੜ੍ਹਦੇ ਹਨ ਤਾਂ ਸਿੱਖ ਕੌਮ ਨੂੰ ਬਹਾਦਰਾਂ ਦੀ ਕੌਮ ਆਖੇ ਬਿਨਾਂ ਨਹੀਂ ਰਹਿ ਸਕਦੇ।

ਪੋਹ ਦੇ ਮਹੀਨੇ ਵਿੱਚ ਖਾਸ ਕਰਕੇ 6 ਪੋਹ ਤੋਂ12 ਪੋਹ ਤੱਕ ਦਾ ਸ਼ਹੀਦੀ ਹਫ਼ਤਾ ਚਾਹੇ ਸਿੱਖਾਂ ਦੇ ਇਤਿਹਾਸ ਵਿੱਚ ਸ਼ਹਾਦਤਾਂ, ਕੁਰਬਾਨੀਆਂ ਤੇ ਤਸੀਹਿਆਂ ਦਾ ਹਫ਼ਤਾ ਰਿਹਾ ਹੈ ਪਰ ਮੁ਼ਗਲਾਂ ਦੇ ਇਤਿਹਾਸ ਦਾ ਉਹਨਾਂ ਉੱਤੇ ਸਭ ਤੋਂ ਵੱਡਾ ਕਲੰਕ ਹੈ। ਮਾਤਾ ਗੁਜਰੀ ਜੀ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਅਜਿਹੀ ਦਲੇਰੀ ਅਤੇ ਹਿੰਮਤ ਦਿੱਤੀ ਕਿ ਉਹ ਸੂਬੇ ਦੀ ਕਚਹਿਰੀ ਵਿਚ ਅਡੋਲ ਰਹੇ। ਜੇਕਰ ਦਸ਼ਮੇਸ਼ ਪਿਤਾ ਸਰਬੰਸ ਕੁਰਬਾਨ ਨਾ ਕਰਦੇ ਤਾਂ ਅੱਜ ਭਾਰਤ ਦਾ ਨਕਸ਼ਾ ਕੁਝ ਹੋਰ ਹੁੰਦਾ। ਹਾਲਾਂਕਿ ਗੁਰੂ ਸਾਹਿਬ ਕਦੇ ਵੀ ਕਿਸੇ ਮਜ਼ਹਬ ਜਾਂ ਫਿਰਕੇ ਦੇ ਖਿਲਾ਼ਫ ਨਹੀਂ ਰਹੇ ਸਨ, ਉਹ ਤਾਂ ਬਚਪਨ ਤੋਂ ਹੀ ਜ਼ੁਲਮ ਦੇ ਖਿਲਾ਼ਫ ਅਵਾਜ਼ ਚੁੱਕਦੇ ਰਹੇ ਸਨ। ਉਹਨਾਂ ਨੇ ਆਪਣੇ ਜੀਵਨਕਾਲ ਵਿੱਚ ਜ਼ੁਲਮ ਦਾ ਡੱਟ ਕੇ ਟਾਕਰਾ ਕੀਤਾ। ਜੇ ਆਪਾਂ ਇਸ ਸ਼ਹੀਦੀ ਹਫ਼ਤੇ ਦੀਆਂ ਘਟਨਾਵਾਂ ਤੇ ਨਜ਼ਰ ਮਾਰੀਏ ਤਾਂ ਪੋਹ ਮਹੀਨੇ ਦੀ ਕੜਕਦੀ ਠੰਡ ਅਤੇ ਉੱਪਰੋਂ ਮੁਗਲ ਹਾਕਮਾਂ ਦੇ ਜ਼ਬਰ ਜ਼ੁਲਮ ਦੀ ਇੰਤਹਾ ਦਾ ਕਿਵੇਂ ਸਬਰ ਸਿਦਕ ਨਾਲ ਡਟ ਕੇ ਮੁਕਾਬਲਾ ਕਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ,ਆਓ ਇਸ ਘਟਨਾਕ੍ਰਮ ਤੇ ਸੰਖੇਪ ਜਿਹੀ ਝਾਤੀ ਮਾਰੀਏ।

6 ਪੋਹ ਨੂੰ ਸਵੇਰੇ ਗੁਰੂ ਸਾਹਿਬ ਨੇ ਪਰਿਵਾਰ ਸਮੇਤ ਅਨੰਦਪੁਰ ਸਾਹਿਬ ਦਾ ਕਿਲਾ ਖਾਲੀ ਕੀਤਾ ਸੀ ਤੇ ਰਾਤ ਕੋਟਲਾ ਨਿਹੰਗ ਰੋਪੜ ਵਿਖੇ ਨਿਹੰਗ ਖਾਂ ਕੋਲ ਰਹੇ ਜਦ ਕਿ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਕੁੰਮੇ ਮਾਸ਼ਕੀ ਦੀ ਝੁੱਗੀ ਵਿਚ ਰਹੇ।

7 ਪੋਹ ਨੂੰ ਗੁਰੂ ਸਾਹਿਬ ਅਤੇ ਵੱਡੇ ਸਾਹਿਬਜ਼ਾਦੇ ਸ਼ਾਮ ਨੂੰ ਚਮਕੌਰ ਸਾਹਿਬ ਪਹੁੰਚੇ ਅਤੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਗਿਆ ਤੇ 8 ਪੋਹ ਚਮਕੌਰ ਦੀ ਗੜ੍ਹੀ ਵਿੱਚ ਜੰਗ ਸ਼ੁਰੂ ਹੋਈ ਜਿਸ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਭਾਈ ਮੋਹਕਮ ਸਿੰਘ ਅਤੇ 7 ਹੋਰ ਸਿੰਘਾ ਨਾਲ ਸ਼ਹੀਦ ਹੋਏ ਬਾਬਾ ਜੁਝਾਰ ਸਿੰਘ ਉਮਰ 14 ਸਾਲ ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਅਤੇ ਤਿੰਨ ਹੋਰ ਸਿੰਘਾਂ ਸਮੇਤ ਸ਼ਹੀਦ ਹੋਏ 8 ਪੋਹ ਦੀ ਰਾਤ ਨੂੰ ਗੁਰੂ ਸਾਹਿਬ ਸਿੰਘਾਂ ਦੇ ਹੁਕਮ ਅਨੁਸਾਰ ਚਮਕੌਰ ਦੀ ਗੜ੍ਹੀ ਵਿੱਚੋਂ ਚਲੇ ਗਏ, 8 ਪੋਹ ਨੂੰ ਮੋਰਿੰਡੇ ਦੇ ਚੌਧਰੀ ਗਨੀ ਖਾਨ ਅਤੇ ਮਨੀ ਖਾਨ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗੰਗੂ ਦੇ ਘਰੋਂ ਗ੍ਰਿਫਤਾਰ ਕਰਕੇ ਤੁਰ ਪਏ,9 ਪੋਹ ਨੂੰ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਲਿਆ ਕੇ ਠੰਡੇ ਬੁਰਜ ਵਿਚ ਰਾਤ ਰੱਖਿਆ ਗਿਆ। ਫਿਰ 10 ਅਤੇ 11 ਪੋਹ ਨੂੰ ਨਵਾਬ ਵਜ਼ੀਰ ਖਾਨ ਦੀ ਕਚਹਿਰੀ ਵਿੱਚ ਛੋਟੇ ਸਾਹਿਬਜ਼ਾਦਿਆਂ ਨੂੰ ਪੇਸ਼ ਕੀਤਾ ਗਿਆ।12 ਪੋਹ ਨੂੰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਉਮਰ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਨੂੰ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ ਗਿਆ ਅਤੇ ਮਾਤਾ ਗੁਜਰੀ ਜੀ ਨੇ ਠੰਢੇ ਬੁਰਜ ਵਿੱਚ ਆਪਣੇ ਪ੍ਰਾਣ ਤਿਆਗ ਦਿੱਤੇ। ਇਹਨਾਂ ਦਿਨਾਂ ਵਿੱਚ ਚਮਕੌਰ ਸਾਹਿਬ ਅਤੇ ਫਤਿਹਗੜ੍ਹ ਸਾਹਿਬ ਵਿਖੇ ਸ਼ਹੀਦ ਜੋੜ ਮੇਲਿਆਂ ਤਹਿਤ ਨਿਰੋਲ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ। ਦੂਰੋਂ ਦੂਰੋਂ ਲੱਖਾਂ ਸੰਗਤਾਂ ਇੱਥੇ ਆ ਕੇ ਨਤਮਸਤਕ ਹੋਣ ਲਈ ਪਹੁੰਚਦੀਆਂ ਹਨ।

ਪੋਹ ਦੇ ਮਹੀਨੇ ਵਿੱਚ ਸਾਨੂੰ ਇਹ ਲਾਸਾਨੀ ਕੁਰਬਾਨੀਆਂ ਨੂੰ ਯਾਦ ਕਰਦਿਆਂ ਹੋਇਆਂ ਆਪਣੀ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਇਸ ਸ਼ਹੀਦੀ ਹਫ਼ਤੇ ਦੇ ਇਤਿਹਾਸ ਦੇ ਖ਼ੂਨੀ ਪੰਨਿਆ ਨੂੰ ਪੜ੍ਹਕੇ ਯਾਦ ਕਰਵਾਉਂਦੇ ਹੋਏ ਉਹਨਾਂ ਨੂੰ ਜਾਣੂ ਕਰਵਾਉਣਾ ਚਾਹੀਦਾ ਹੈ ਕਿਉਂਕਿ ਇਹ ਸਾਡਾ ਅਹਿਮ ਫ਼ਰਜ਼ ਬਣਦਾ ਹੈ । ਸਾਨੂੰ ਆਪਣੇ ਬੱਚਿਆਂ ਨੂੰ ਵੀ ਦਲੇਰੀ, ਨਿਡਰਤਾ ਅਤੇ ਸਿਦਕ ਵਰਗੇ ਗੁਣ ਪੈਦਾ ਕਰਨ ਲਈ ਇਸ ਸ਼ਹੀਦੀ ਹਫ਼ਤੇ ਨਾ਼ਲ ਸਬੰਧਤ ਸਾਰੀਆਂ ਘਟਨਾਵਾਂ ਅਤੇ ਉਹਨਾਂ ਨਾਲ ਜੁੜੇ ਸਾਰੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣੇ ਚਾਹੀਦੇ ਹਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਹਨਾਂ ਦੇ ਨਕਸ਼ੇ ਕਦਮਾਂ ਤੇ ਚਲਦੇ ਹੋਏ ਵਿਕਾਰਾਂ ਤੋਂ ਮੁਕਤ ਇੱਕ ਸਦਾਚਾਰਕ ਜੀਵਨ ਜਿਊਣ ਦੀ ਪ੍ਰੇਰਨਾ ਮਿਲ ਸਕੇ ।




Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence
you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

TAKE CONTROL
OF YOUR HEALTH!

PRIVATE, AFFORDABLE, & CONVENIENT

8000+ TESTS

General Health, Food Allergy Testing, Paternity Testing,
Hormone Testing, Diabetes Monitoring, STD Testing, & More!

NO INSURANCE?
NO PROBLEM!
WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

# ਤੱਤੇ ਗੁੜ ਦੀਆਂ ਮਹਿਕਾਂ

ਇੱਕ ਘੁਲਾੜੀ ਚੱਲਦੀ ਵੇਖੀ,
ਮੈਂ ਸੀ ਸੜਕ ਕਿਨਾਰੇ।
ਤੱਤੇ ਤੱਤੇ ਗੁੜ ਦੀਆਂ ਮਹਿਕਾਂ,
ਆਉਂਦੀਆਂ ਪਾਸੇ ਚਾਰੇ।

*******

ਅੱਗੇ ਵੇਖਿਆ ਵਿੱਚ ਕੜਾਹੇ
ਰਹੁ ਨੂੰ ਜਾਣ ਉਬਾਲੀ।
ਪੁਣ ਪੁਣ ਕੇ ਰਹੁ ਸੀ ਆਉਂਦਾ,
ਲੱਗੀ ਬਰੀਕ ਇੱਕ ਜਾਲੀ।

*******

ਕੋਲ ਘੁਲਾੜੀ ਬੈਠੇ ਬੰਦੇ,
ਗੰਨੇ ਸੀ ਵਿੱਚ ਲਾਉਂਦੇ।
ਕਈ ਗੰਨੇ ਦੀ ਫੋਕ ਨੂੰ ਚੁੱਕ ਕੇ
ਕੜਾਹੇ ਥੱਲੇ ਡਾਹੁੰਦੇ।

*******

ਰਹੁ ਨੂੰ ਠੰਡਾ ਕਰਨ ਲਈ ਸੀ,
ਗੰਡ ਵਿੱਚ ਜਾਂਦੇ ਪਾਈ।
ਉੱਥੇ ਠੰਡਾ ਕਰ ਕਰਕੇ,
ਪੇਸੀਆਂ ਜਾਣ ਬਣਾਈ।

*******

ਕਿਧਰੇ ਭਾਈ ਟਰਾਲੀਆਂ ਵਿੱਚੋਂ,
ਗੰਨੇ ਪਏ ਸੀ ਲਾਹੁੰਦੇ।
ਵੱਡੇ ਵੱਡੇ ਢੇਰ ਸੀ ਉਹ,
ਪਾਸੇ ਕਰ ਕਰ ਲਾਉਂਦੇ।

*******

ਗੁੜ ਤੇ ਸ਼ੱਕਰ ਬਣਦੀ ਉੱਥੇ,
ਲੋਕ ਖ਼ਰੀਦੀ ਜਾਂਦੇ।
ਕੁੱਝ ਕੁ ਬੈਠੇ ਨਾਲ ਸੁਆਦ ਦੇ,
ਤੱਤਾ ਤੱਤਾ ਗੁੜ ਖਾਂਦੇ।

*******

ਅਸੀਂ ਵੀ ਗੁੜ ਖ਼ਰੀਦਿਆ 'ਪੱਤੋ',
ਘੁੰਮੇ ਚਾਰ ਚੁਫੇਰੇ।
ਵੇਖ ਘੁਲਾੜੀ ਯਾਦ ਆ ਗਏ
ਵਕ਼ਤ ਪੁਰਾਣੇ ਮੇਰੇ।




# ਤੰਦ ਨਹੀਂ,ਤਾਣੀ ਉਲਝੀ

ਭਰਿੱਸ਼ਟਾਚਾਰ ਦੀ ਤੰਦ ਨਹੀਂ,ਤਾਣੀ ਉਲਝੀ ਪਈ ਹੈ
ਕਿਸ ਕਿਸ ਤੇ ਕਰੀਏ ਸ਼ਿਕਵਾ ਖੰਨੇ
ਏਥੇ ਤਾਂ ਪੂਰੀ ਢਾਹਣੀ,ਉਲਝੀ ਪਾਈ ਹੈ
ਹਰ ਸਾਖ ਤੇ ਉੱਲੂ ਬੈਠਾ ਹੈ ਖੰਨੇ
ਆਈਪੀਐਸ ਤੇ ਆਈਏਐਸ ਅਧਿਕਾਰੀ
ਪੂਰੀ ਦੀ ਪੂਰੀ ਡਾਰ ਉਲਝੀ ਪਈ ਹੈ
ਨੋਟਾਂ ਦੇ ਥੱਬੇ ,ਬੇਨਾਮੀ ਜਾਇਦਾਦਾਂ
ਗਹਿਣੇ,ਧੰਨ ਦੌਲਤ ਦੀ ਭਰਮਾਰ ਖੰਨੇ
ਜਿੱਧਰ ਨਜ਼ਰ ਮਾਰੋ,ਪੂਰੀ ਕਤਾਰ ਉਲਝੀ ਪਈ ਹੈ
ਖੰਨੇ ਏਥੇ ਵਾੜ ਹੀ ਖੇਤ ਨੂੰ ਖਾ ਰਹੀ ਹੈ
ਸਰਕਾਰ ਚੁਟਕਲਿਆਂ ਨਾਲ ਵਕਤ ਲੰਘਾ ਰਹੀ ਹੈ
ਕਿੰਝ ਆਖੀਏ ਵਿਕਾਸ ਦੀ ਰਫ਼ਤਾਰ ਸੁਲਝੀ ਪਈ ਹੈ
ਜਨਤਾ ਕਿਸ ਤੇ ਭਰੋਸਾ ਤੇ ਕਿੰਝ ਮਿਲੂ ਇਨਸਾਫ਼
ਏਥੇ ਤਾਂ ਭਰਿਸ਼ਟਾਚਾਰ ਚ ਖੰਨੇ
ਪੂਰੀ ਦੀ ਪੂਰੀ ਸਰਕਾਰ ਉਲਝੀ ਪਈ ਹੈ




LARRY T. NIERMEYER
Attorney at Law

OFFERING SERVICES IN THE FOLLOWING AREAS
1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation


PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


JVS LOGISTICS
2345 Enterprise Park Place Indianapolis Indiana, 46218
• ਇਥੇ ਸੈਮੀ ਟਰੱਕ ਟ੍ਰੇਲਰ ਦੀ ਮੁਰੰਮਤ ਕੀਤੀ ਜਾਂਦੀ ਹੈ
• ਇਥੇ ਅਸੀਂ Brakes, Drums, Tires, Radiators, Seals, Shocks, Air Bag ਵਰਗੀਆਂ ਸੇਵਾਵਾਂ ਦਿੰਦੇ ਹਾਂ
• ਸੇਮੀ ਟਰੱਕ ਅਤੇ ਟ੍ਰੇਲਰ ਦੀ ਪਾਰਕਿੰਗ lease ਤੇ ਲੈ ਸਕਦੇ ਹੋ
• ਕਰਾਸ ਡੌਕ ਸੇਵਾਵਾਂ
• ਲੋਡ ਟ੍ਰਾਂਸਫਰ ਅਤੇ ਰੀਸਟਾਕ ਕਰੋ
• ਟਿਲਟੇਡ ਪੈਲੇਟਸ ਨੂੰ ਸਿਧੇ ਕੀਤੇ ਜਾਂਦੇ ਹਨ
• ਖਿਲਰੇ ਹੋਏ ਲੋਡ ਨੂੰ ਰੀਸਟਾਕ ਕਰਵਾਓ
• ਇੰਡੀਆਨਾ ਏਰੀਏ 'ਚ ਲੋਡ ਡਿਲੇਵਰ ਕਰਵਾਓ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
jvslogisticsllc@outlook.com
JUGDEV SAMRA (317) 379-4065
SUKHDEV SAMRA (317) 250-3545
ਸਾਡੀ ਇਹ ਲੋਕੇਸ਼ਨ Near - Indianapolis Downtown on I-70, Exit 85B, Keystone Avenue


NOW OPEN
NOW OPEN
Tandoori FLAVORS
MARINATE MEAT SHOP
ਮੇਰੀਨੇਟ ਮੀਟ ਸ਼ੋਪ
551
Tandoori Flavors
---- MARINATED MEAT SHOP ----
ਚਾਹੇ ਕੱਚਾ ਚਾਹੀਦਾ, ਜਾਂ ਪੱਕਾ
ਸਾਡੀ ਚੋਣ ਹੈ ਸਭ ਤੋਂ ਵਧੀਆ!
POULTRY SPECIALS ਦੇ ਵਿਚ ਤੁਹਾਨੂੰ ਮਿਲੇਗਾ :-
- Chicken Wings , Cooked Wings, Breast , Boneless Thighs, Paneer Skewers
- CURRY LOVERS ਦੇ ਲਈ ਖਾਸ ਰਹੇਗਾ :-
- Butter Chicken, Shahi Paneer, ਬੱਕਰਾ Curry
- RICE BOWLS – ON THE GO !
- Shahi Paneer Bowl, Butter Chicken Bowl
- SEAFOOD 'ਚ ਵੀ ਕੁਝ ਅਜਿਹਾ ਰਹੇਗਾ ਖਾਸ :-
- Basa (Swai) Fish, Fish Pakora, Cooked Pakora Fish
Tandoori FLAVORS
ਭੋਜਨ ਪ੍ਰੇਮੀਆਂ ਲਈ ਖਾਸ ਹਰ ਰੋਜ਼ - RICE BOWL ONLY $11.99 ਸ਼ਾਹੀ ਪਨੀਰ ਜਾਂ ਬਟਰ ਚਿਕਨ ਦੇ ਨਾਲ
RICE ਸਾਰੀਆਂ CURRIES ਨਾਲ ਮੁਫ਼ਤ ਮਿਲਣਗੇ।
ਤੁਸੀਂ ਸਾਡੇ ਕੋਲੋਂ COOKED ਫੂਡ ਤੇ ਮੈਰੀਨੇਡ ਮੀਟ ਦਾ ਸਾਫ਼ ਕੀਤਾ RAW ਮੈਟੀਰੀਅਲ ਵੀ ਪ੍ਰਾਪਤ ਕਰ ਸਕਦੇ ਹੋ।
ACHAR LOVERS ਲਈ ਬੱਕਰੇ ਤੇ ਮੁਰਗੇ ਦਾ ਆਚਾਰ ਵੀ ਸਾਡੇ ਕੋਲ ਉਪਲਬਧ ਹੈ।
ਇਥੇ ਇਹ ਵੀ ਖਾਸ ਹੈ ਕਿ
"ਅਸੀਂ ਆਪਣੇ ਖਾਣੇ 'ਚ ਫੂਡ-ਕਲਰ ਨਹੀਂ ਵਰਤਦੇ।"
551, West Clover Road, Tracy
California- 95376
ਸੰਪਰਕ ਕਰੋ -
209-207-9781
ਸਾਡਾ ਸਟੋਰ ਖੁੱਲ੍ਹਣ ਦਾ ਸਮਾਂ ਹੈ :
ਸਵੇਰੇ 10 ਵਜੇ ਤੋਂ ਰਾਤੀਂ 9 ਵਜੇ ਤੱਕ
Visit Us Online: www.Tandoori-Flavors.com

GHUMAN
LAW GROUP INC.

# Ghuman Law Group
## ਤੁਹਾਡੇ ਲਈ ਲੈ ਕੇ ਆਏ ਨੇ
## AMERICA ਵਿੱਚ
## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic:43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**



**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com